




ਰੋਜ਼ਾਨਾ

ਸੱਚ ਤੇ ਨਿਡਰ ਆਵਾਜ਼

# ਲੋਕ ਬਾਣੀ

Email : lokbani08@gmail.com

24 ਜਨਵਰੀ 2023

ਮੁੱਖ ਸੰਪਾਦਕ : - ਅਮਨ ਮਹਿਰਾ (ਜਲੰਧਰ)









R.N.I. /Punpun/29016/2008/● ਸਾਲ : 14● ਅੰਕ : 391 ● ਮੁੱਲ : 5.00 ਰੁਪਏ● ਕੁੱਲ ਪੇਜ : 10 ● ਫੈਕਸ: 0181-2211009, 99155-94111







## ਯੂਕਰੇਨ ਦੀ ਮਦਦ ਕਰਨ ਵਾਲੇ ਦੇਸ਼ਾਂ ਨੂੰ ਰੂਸ ਦੀ ਚੇਤਾਵਨੀ



**ਕੀਵ/ਲੋਕ ਬਾਣੀ**

ਰੂਸ ਦੀ ਸੰਸਦ ਦੇ ਹੇਠਲੇ ਸਦਨ ਦੇ ਸਪੀਕਰ ਨੇ ਯੂਕ੍ਰੇਨ ਨੂੰ ਵਧੇਰੇ ਸ਼ਕਤੀਸ਼ਾਲੀ ਹਥਿਆਰਾਂ ਦੀ ਪੇਸ਼ਕਸ਼ ਕਰਨ ਵਾਲੇ ਦੇਸ਼ਾਂ ਨੂੰ ਐਤਵਾਰ ਨੂੰ ਚੇਤਾਵਨੀ ਦਿੱਤੀ ਕਿ ਅਜਿਹਾ ਕਰਕੇ ਆਪਣੀ ਤਬਾਹੀ ਦਾ ਖ਼ਤਰਾ ਖ਼ੁਦ ਵਧਾ ਰਹੇ ਹਨ। ਇਸ ਸੰਦੇਸ਼ ਤੋਂ ਬਾਅਦ ਦੇਸ਼ਾਂ ਨੇ ਯੂਕ੍ਰੇਨ ਨੂੰ ਬਖਤਰਬੰਦ ਵਾਹਨ, ਹਵਾਈ ਰੱਖਿਆ ਪ੍ਰਣਾਲੀ ਅਤੇ ਹੋਰ ਹਥਿਆਰ ਮੁਹੱਈਆ ਕਰਾਉਣ ਦਾ ਨਵਾਂ ਸੰਕਲਪ ਲਿਆ, ਪਰ ਜਰਮਨੀ ਨੇ ਜੰਗੀ ਟੈਂਕ ਲੀਓਪਾਰਡ-2 ਦੀ ਸਪਲਾਈ ਕਰਨ ਲਈ ਸਹਿਮਤੀ ਨਹੀਂ ਦਿੱਤੀ।






## ਠੰਡੀਆਂ ਹਵਾਵਾਂ ਨਾਲ ਪਵੇਗਾ ਪੰਜਾਬ ਵਿੱਚ ਮੀਂਹ



**ਜਲੰਧਰ/ਰਾਕੇਸ਼ ਵਰਮਾ**

ਜਨਵਰੀ ਮਹੀਨੇ ਦੇ 20 ਦਿਨ ਤਕ ਸੀਤ ਲਹਿਰ ਅਤੇ ਧੁੰਦ ਦਾ ਪੂਰਾ ਜ਼ੋਰ ਰਿਹਾ। ਹੁਣ ਆਖਰੀ 7 ਦਿਨ ਹੋਰ ਠੰਡੇ ਰਹਿਣ ਦੀ ਸੰਭਾਵਨਾ ਹੈ, ਕਿਉਂਕਿ 7 ਦਿਨਾਂ 'ਚ ਜਿੱਥੇ ਧੁੱਪ ਖਿੜੇਗੀ, ਉਥੇ ਹੀ ਅੰਸ਼ਿਕ ਬੱਦਲ ਵੀ ਛਾਉਣ ਅਤੇ ਮੀਂਹ ਪੈਣ ਦੀ ਸੰਭਾਵਨਾ ਪ੍ਰਗਟਾਈ ਜਾ ਰਹੀ ਹੈ, ਜਿਸ ਨਾਲ ਵਧ ਤੋਂ ਵਧ ਤਾਪਮਾਨ 17 ਡਿਗਰੀ ਤਾਂ ਘੱਟੋ-ਘੱਟ 10 ਡਿਗਰੀ ਤਕ ਰਹਿਣ ਦੀ ਸੰਭਾਵਨਾ ਹੈ। ਮੌਸਮ ਵਿਭਾਗ ਅਨੁਸਾਰ ਹਵਾ 'ਚ ਨਮੀ ਦੀ ਮਾਤਰਾ ਵਧ ਰਹੇਗੀ ਤੇ ਠੰਡੀਆਂ ਹਵਾਵਾਂ ਚੱਲਣਗੀਆਂ। ਸਵੇਰੇ ਅਤੇ ਸ਼ਾਮ ਦੇ ਸਮੇਂ ਸੀਤ ਲਹਿਰ 15 ਤੋਂ 20 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਚੱਲੇਗੀ। ਮੌਸਮ ਵਿਭਾਗ ਦੇ ਮਾਹਿਰਾਂ ਦਾ ਕਹਿਣਾ ਹੈ ਕਿ ਫਰਵਰੀ ਮਹੀਨੇ ਦੀ ਸ਼ੁਰੂਆਤ ਤੇਜ਼ ਧੁੱਪ ਨਾਲ ਹੋਵੇਗੀ ਅਤੇ 5 ਦਿਨ ਤਕ ਚੰਗੀ ਧੁੱਪ ਖਿੜੇਗੀ, ਜਿਸ ਨਾਲ ਤਾਪਮਾਨ 'ਚ ਵਾਧਾ ਹੋ ਸਕਦਾ ਹੈ ਅਤੇ ਸੀਤ ਲਹਿਰ ਤੋਂ ਰਾਹਤ ਮਿਲੇਗੀ। ਖੇਤੀਬਾੜੀ ਵਿਭਾਗ ਦੇ ਮਾਹਿਰਾਂ ਦਾ ਕਹਿਣਾ ਹੈ ਕਿ ਜੋ ਮੌਸਮ ਇਸ ਸਮੇਂ ਚੱਲ ਰਿਹਾ ਹੈ ਇਹ ਇਕ ਫ਼ਸਲ ਅਤੇ ਸਬਜ਼ੀ ਲਈ ਵਧੀਆ ਹੈ, ਕਿਉਂਕਿ ਵਾਧੂ ਪਾਣੀ ਦੀ ਲੋੜ ਨਹੀਂ ਪੈ ਰਹੀ ਹੈ। ਮੌਸਮ ਵਿਭਾਗ ਅਨੁਸਾਰ ਹਵਾ 'ਚ ਨਮੀ ਦੀ ਮਾਤਰਾ ਵਧ ਰਹੇਗੀ ਤੇ ਠੰਡੀਆਂ ਹਵਾਵਾਂ ਚੱਲਣਗੀਆਂ। ਸਵੇਰੇ ਅਤੇ ਸ਼ਾਮ ਦੇ ਸਮੇਂ ਸੀਤ ਲਹਿਰ 15 ਤੋਂ 20 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਚੱਲੇਗੀ।

## ਅੱਤਵਾਦੀਆਂ ਨੇ ਕੀਤਾ ਫੌਜ 'ਤੇ ਗ੍ਰਨੇਡ ਨਾਲ ਹਮਲਾ

**ਸ਼੍ਰੀਨਗਰ/ਲੋਕ ਬਾਣੀ**

ਸ਼੍ਰੀਨਗਰ ਦੇ ਈਦਗਾਹ ਇਲਾਕੇ 'ਚ ਐਤਵਾਰ ਦੇਰ ਸ਼ਾਮ ਅੱਤਵਾਦੀਆਂ ਨੇ ਗ੍ਰਨੇਡ ਸੁੱਟਿਆ। ਜਿਸ ਕਾਰਨ ਇਕ ਵਿਅਕਤੀ ਜ਼ਖਮੀ ਹੋ ਗਿਆ। ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਅੱਤਵਾਦੀਆਂ ਨੇ ਈਦਗਾਹ ਇਲਾਕੇ 'ਚ ਫੌਜ ਨੂੰ ਨਿਸ਼ਾਨਾ ਬਣਾਉਣ ਦੇ ਇਰਾਦੇ ਨਾਲ ਗ੍ਰਨੇਡ ਸੁੱਟਿਆ। ਹਮਲੇ 'ਚ ਇਕ ਨਾਗਰਿਕ ਜ਼ਖਮੀ ਹੋ ਗਿਆ ਅਤੇ ਉਸ ਨੂੰ ਇਲਾਜ ਲਈ ਨੇੜੇ ਦੇ



ਹਸਪਤਾਲ 'ਚ ਲਿਜਾਇਆ ਗਿਆ। ਜਿੱਥੋਂ ਉਸ ਨੂੰ ਮੁੱਢਲੀ ਸਹਾਇਤਾ ਤੋਂ ਬਾਅਦ ਛੁੱਟੀ ਦੇ ਦਿੱਤੀ ਗਈ ਹੈ। ਪੁਲਸ ਅਧਿਕਾਰੀਆਂ ਨੇ ਦੱਸਿਆ, ਈਦਗਾਹ ਇਲਾਕੇ 'ਚ ਅੱਤਵਾਦੀਆਂ ਵੱਲੋਂ ਗ੍ਰਨੇਡ ਸੁੱਟਿਆ ਗਿਆ, ਜਿਸ 'ਚ ਏਜਾਜ਼ ਅਹਿਮਦ ਦੇਵਾ ਨਾਂ ਦਾ ਇਕ ਵਿਅਕਤੀ ਜ਼ਖਮੀ ਹੋ ਗਿਆ। ਉਹ ਸੰਗਮ, ਸ੍ਰੀਨਗਰ ਦਾ ਰਹਿਣ ਵਾਲਾ ਹੈ। ਦੋਸ਼ੀਆਂ ਨੂੰ ਫੜਨ ਲਈ ਆਪਰੇਸ਼ਨ ਸ਼ੁਰੂ ਕੀਤਾ ਜਾ ਰਿਹਾ ਹੈ।

## ਇੱਕ ਹੋਰ ਨੌਜਵਾਨ ਦੀ ਨਸ਼ੇ ਕਾਰਨ ਮੌਤ



**ਚੱਬਾ/ਲੋਕ ਬਾਣੀ**

ਅੰਮ੍ਰਿਤਸਰ ਦੇ ਵਿਧਾਨ ਸਭਾ ਹਲਕਾ ਅਟਾਰੀ ਅਧੀਨ ਆਉਂਦੇ ਪਿੰਡ ਚਾਟੀਵਿੰਡ ਵਿਖੇ ਅੱਜ ਸਵੇਰੇ 7.00 ਵਜੇ ਦੇ ਕਰੀਬ ਇਕ ਨੌਜਵਾਨ ਦੀ ਨਸ਼ੇ ਦੀ ਵੱਧ ਮਾਤਰਾ ਲੈਣ ਕਾਰਨ ਮੌਤ ਹੋ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ।

## ਪੰਜਾਬ ਪੁਲਿਸ ਨੂੰ ਚੋਰਾਂ ਨੂੰ ਫੜਨ ਜਾਣਾ ਪਿਆ ਮਹਿੰਗਾ, ਚੌਕੀ ਇੰਚਾਰਜ ਹੋਇਆ ਫੱਟੜ

**ਲੁਧਿਆਣਾ/ਸ਼ੰਮੀ**

ਖੰਨਾ ਵਿਖੇ ਚੋਰਾਂ ਨੂੰ ਫੜਨ ਗਈ ਪੁਲਸ ਪਾਰਟੀ 'ਤੇ ਹਮਲਾ ਕਰ ਦਿੱਤਾ ਗਿਆ। ਇਸ ਘਟਨਾ ਦੌਰਾਨ ਕੋਟ ਪੁਲਸ ਚੌਕੀ ਇੰਚਾਰਜ ਜਗਦੀਪ ਸਿੰਘ ਦੀ ਵਰਦੀ ਪਾੜ ਦਿੱਤੀ ਗਈ ਅਤੇ ਦਸਤਾਰ ਵੀ ਉਤਾਰ ਦਿੱਤੀ ਗਈ। ਉਨਾਂ ਨੂੰ ਸਰਕਾਰੀ ਹਸਪਤਾਲ ਖੰਨਾ ਵਿਖੇ ਦਾਖ਼ਲ ਕਰਵਾਇਆ ਗਿਆ। ਜਗਦੀਪ ਸਿੰਘ ਨੇ ਦੱਸਿਆ ਕਿ ਉਹ ਚੋਰਾਂ ਨੂੰ ਫੜਨ ਗਏ ਸੀ ਤਾਂ ਉੱਥੇ ਚੋਰਾਂ ਨੇ ਪੁਲਸ 'ਤੇ ਹਮਲਾ ਕਰ ਦਿੱਤਾ ਗਿਆ, ਜਿਸ ਦੌਰਾਨ ਉਨਾਂ ਨੂੰ ਸੱਟਾਂ ਲੱਗ ਗਈਆਂ। ਇੱਥੇ ਡਾਕਟਰ ਫਰੈਂਕੀ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਉਨਾਂ ਦੇ ਹਸਪਤਾਲ 'ਚ ਚੌਕੀ ਇੰਚਾਰਜ ਜਗਦੀਪ ਸਿੰਘ ਨੂੰ ਦਾਖ਼ਲ ਕਰਵਾਇਆ ਗਿਆ ਸੀ ਅਤੇ ਇਸ ਘਟਨਾ ਸਬੰਧੀ ਐੱਮ. ਐੱਲ. ਆਰ. ਕੱਟੀ ਗਈ ਹੈ।

## ਪੰਜਾਬ 'ਚ ਆਮ ਆਦਮੀ ਪਾਰਟੀ ਨੂੰ ਝਟਕਾ, ਕਈ ਆਗੂ ਭਾਜਪਾ 'ਚ ਸ਼ਾਮਲ



**ਅੰਮ੍ਰਿਤਸਰ/ਲੋਕ ਬਾਣੀ**

ਪੰਜਾਬ ਵਿਚ ਆਮ ਆਦਮੀ ਪਾਰਟੀ ਨੂੰ ਬੀਤੇ ਦਿਨ ਉਸ ਵੇਲੇ ਵੱਡਾ ਝਟਕਾ ਲੱਗਿਆ, ਜਦੋਂ ਕਈ ਆਗੂ ਭਾਜਪਾ ਵਿਚ ਸ਼ਾਮਲ ਹੋ ਗਏ। ਮੀਡੀਆ ਰਿਪੋਰਟਾਂ ਦੇ ਮੁਤਾਬਿਕ, ਵਿਧਾਨ ਸਭਾ ਹਲਕਾ ਅਟਾਰੀ ਦੇ ਭਾਜਪਾ ਆਗੂ ਅਤੇ ਹਲਕਾ ਇੰਚਾਰਜ ਸੁਸ਼ੀਲ ਦੇਵਗਨ ਦੀ ਪ੍ਰੇਰਨਾ ਸਦਕਾ ਕਈ ਬਲਾਕ ਲੀਡਰ ਅਤੇ ਆਮ ਆਦਮੀ ਪਾਰਟੀ ਵਲੰਟੀਅਰ ਅਮਰਜੀਤ ਸਿੰਘ ਤੇ ਹਰਪ੍ਰੀਤ ਸਿੰਘ ਠੇਕੇਦਾਰ ਦੀ ਅਗਵਾਈ ਹੇਠ ਭਾਜਪਾ ਵਿਚ ਸ਼ਾਮਲ ਹੋ ਗਏ। ਉਕਤ ਆਗੂਆਂ ਨੂੰ ਅਮ੍ਰਿਤਸਰ ਹਲਕਾ ਦਿਹਾਤੀ ਦੇ ਪ੍ਰਧਾਨ ਮਨਜੀਤ ਸਿੰਘ ਮੰਨਾ ਨੇ ਭਾਜਪਾ ਵਿਚ ਸ਼ਾਮਲ ਕੀਤਾ।

## ਸੜਕ ਹਾਦਸੇ ਵਿੱਚ 5 ਦੀ ਮੌਤ

**ਕੇਰਲ/ਲੋਕ ਬਾਣੀ**

ਕੇਰਲ ਵਿੱਚ ਐਤਵਾਰ ਦੇਰ ਰਾਤ ਇੱਕ ਭਿਆਨਕ ਸੜਕ ਹਾਦਸੇ ਵਿੱਚ ਪੰਜ ਲੋਕਾਂ ਦੀ ਮੌਤ ਹੋ ਗਈ। ਅੰਬਾਲਾਪੁਝਾ ਪੁਲਿਸ ਨੇ ਹਾਦਸੇ ਦੀ ਪੁਸ਼ਟੀ ਕੀਤੀ ਹੈ। ਪੁਲੀਸ ਅਨੁਸਾਰ ਚਾਰ ਵਿਅਕਤੀਆਂ ਦੀ ਮੌਕੇ 'ਤੇ ਹੀ ਮੌਤ ਹੋ ਗਈ ਜਦਕਿ ਇੱਕ ਨੌਜਵਾਨ ਦੀ ਹਸਪਤਾਲ ਵਿੱਚ ਇਲਾਜ ਦੌਰਾਨ ਮੌਤ ਹੋ ਗਈ। ਜਾਣਕਾਰੀ ਅਨੁਸਾਰ ਅਲਾਪੁਝਾ ਜ਼ਿਲੇ ਦੇ ਅੰਬਾਲਾਪੁਝਾ ਨੇੜੇ ਤਿਰੂਵਨੰਤਪੁਰਮ ਵੱਲ ਜਾ ਰਹੀ ਇੱਕ ਲਾਰੀ ਨਾਲ ਇੱਕ ਕਾਰ ਦੀ ਆਹਮੋ-ਸਾਹਮਣੇ ਟੱਕਰ ਹੋ ਗਈ। ਹਾਦਸੇ ਦੌਰਾਨ ਕਾਰ 'ਚ ਸਵਾਰ ਪੰਜ 'ਚੋਂ ਚਾਰ ਦੀ ਮੌਕੇ 'ਤੇ ਹੀ ਮੌਤ ਹੋ ਗਈ।

## ਪੰਜਾਬ ਪੁਲਿਸ ਨੇ ਫੜੀ ਚੰਡੀਗੜ੍ਹ ਮਾਰਕਾ ਸ਼ਰਾਬ ਵੱਡੀ ਗਿਣਤੀ 'ਚ

**ਚੰਡੀਗੜ/ਵਿਨੋਦ ਸ਼ਰਮਾ**

ਮੁਹਾਲੀ ਪੁਲੀਸ ਨੇ ਇੱਕ ਵਿਅਕਤੀ ਨੂੰ ਟ੍ਰੱਕ ਸਮੇਤ ਕਾਬੂ ਕਰਕੇ ਚੰਡੀਗੜ ਤੋਂ ਲਿਆ ਕੇ ਪੰਜਾਬ ਵਿੱਚ ਵੇਚੀ ਜਾਣ ਵਾਲੀ ਸ਼ਰਾਬ ਦੇ 2249 ਪਊਏ ਬਰਮਾਦ ਕੀਤੇ ਹਨ। ਇਹ ਸ਼ਰਾਬ ਕੁਲ 52 ਪੇਟੀਆਂ ਵਿੱਚ ਰੱਖ ਕੇ ਲਿਆਂਦੀ ਜਾ ਰਹੀ ਸੀ। ਡੀ ਐਸ ਪੀ ਸਿਟੀ 2 ਹਰਸਿਮਰਨ ਸਿੰਘ



ਬੱਲ ਨੇ ਦੱਸਿਆ ਕਿ ਇਸ ਵਿਕਅਤੀ ਨੂੰ ਐਸ ਐਸ ਪੀ ਡਾ. ਸੰਦੀਪ ਗਰਗ ਦੇ ਹੁਕਮਾਂ ਤਹਿਤ ਐਸ ਪੀ ਸ਼ਹਿਰੀ ਸ੍ਰੀ ਆਕਾਸ਼ ਦੀਪ ਔਲਖ ਦੀ ਅਗਵਾਈ ਮਾੜੇ ਅਨਸਰਾਂ ਖਿਲਾਫ ਚਲਾਈ ਜਾ ਰਹੀ ਮੁਹਿੰਮ ਦੌਰਾਨ ਤਹਿਤ ਫੇਜ਼ 11 ਦੇ ਮੁੱਖ ਥਾਣਾ ਅਫਸਰ ਮਨਦੀਪ ਸਿੰਘ ਦੀ ਨਿਗਰਾਨੀ ਵਿੱਚ ਐਕਸਾਈਜ ਇਸਪੈਕਟਰ ਵਿਕਾਸ ਕੁਮਾਰ ਵਲੋਂ ਦਿੱਤੀ ਜਾਣਕਾਰੀ ਦੇ ਆਧਾਰ ਤੇ ਕਾਬੂ ਕੀਤਾ ਗਿਆ ਹੈ।


ਪੱਤਰਕਾਰਾਂ ਲਈ ਸੁਨਹਿਰਾ ਮੌਕਾ

ਪੰਜਾਬ ਦੇ ਹਰ ਜਿਲੇ ਤੋਂ ਰੋਜਾਨਾ ਲੋਕ ਬਾਣੀ ਅਖਬਾਰ ਲਈ ਪੱਤਰਕਾਰਾਂ ਦੀ ਲੋੜ ਹੈ। ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫ਼ਤਰ

ਲੋਕ ਬਾਣੀ ਸੰਗਮ ਕੰਪਕੈਲਸ, ਮਿਲਾਪ ਚੌਕ ਜਲੰਧਰ 99155-94111

# ਵਾਰਡ ਚ ਪਿਛਲੇ ਲੰਬੇ ਸਮੇ ਤੋਂ ਆ ਰਹੀਆਂ ਮੁਸ਼ਕਿਲਾਂ ਨੂੰ ਪਹਿਲ ਦੇ ਅਧਾਰ ਤੇ ਕੀਤਾ ਜਾਵੇਗਾ ਹੱਲ

## ਆਪ ਦੇ ਆਗੂ ਵਲੋਂ ਸੁਪਰ ਸੈਕੈਸਨ ਲਗਾ ਕੇ ਮੇਨ ਹੋਲ ਦੀ ਕਰਵਾਈ ਸਫਾਈ

**ਲੁਧਿਆਣਾ/ਰਾਜੂ ਵਾਲੀਆ,ਸ਼ੰਮੀ ਕੁਮਾਰ)**

ਅੱਜ ਹਲਕਾ ਦੱਖਣੀ ਦੇ ਅਧੀਨ ਆਉਂਦੇ ਵਾਰਡ ਨੰਬਰ 29 ਵਿੱਚ ਆਪ ਦੇ ਆਗੂ ਬੀ ਐਲ ਯਾਦਵ ਵਲੋਂ ਆਪਣੇ ਵਾਰਡ ਵਿਚ ਆ ਰਹੀਆਂ ਸੀਵਰੇਜ ਦੀਆਂ ਮੁਸ਼ਕਿਲਾਂ ਨੂੰ ਦੇਖਦੇ ਹੋਏ ਸੂਪਰ ਸੈਕਸਨ ਮਸ਼ੀਨ ਲਗਵਾਈ ਗਈ ਤਾਂ ਕਿ ਆਉਣ ਵਾਲੇ ਸਮੇਂ ਵਿੱਚ ਇਲਾਕਾ ਨਿਵਾਸੀਆਂ ਨੂੰ ਕੋਈ ਵੀ ਪਰੇਸ਼ਾਨੀ ਨਾ ਆ ਸਕੇ। ਬੀ ਐਲ ਯਾਦਵ ਨਾਲ ਗੱਲ ਬਾਤ ਕਰਦਿਆਂ ਉਹਨਾਂ ਦਸਿਆ ਕਿ ਵਿਧਾਇਕ ਰਾਜਿੰਦਰਪਾਲ ਕੌਰ ਛੀਨਾ ਦੇ ਯਤਨਾ ਸਦਕਾ ਵਾਰਡ ਵਿੱਚ ਕੋਈ ਵੀ ਪਰੇਸ਼ਾਨੀ ਨਹੀਂ ਆਉਣ ਦਿੱਤੀ ਜਾਵੇ ਗੀ ਇਲਾਕਾ ਨਿਵਾਸੀਆਂ ਨੇ ਦਸਿਆ ਕਿ ਸੀਵਰੇਜ ਦੀ ਸੱਮਸਿਆ ਕਾਫੀ ਲੰਬੇ ਸਮੇਂ ਤੋਂ ਆ ਰਹੀ ਸੀ ਜੋਂ ਕਿ ਅੱਜ ਬੀ ਐਲ ਯਾਦਵ ਦੇ ਯਤਨਾਂ ਸਦਕਾ ਪਹਿਲ ਦੇ ਅਧਾਰ ਤੇ ਹੱਲ ਕੀਤਾ ਗਿਆ ਜਦੋਂ ਨਗਰ ਨਿਗਮ ਦੇ ਐਸ ਡੀ ਓ ਜਗਰੂਪ ਸਿੰਘ,ਜੇਈ ਦਿਲਪ੍ਰੀਤ ਸਿੰਘ ਨਾਲ ਗੱਲ ਬਾਤ ਕੀਤੀ ਤਾਂ ਓਹਨਾ ਨੇ ਦਸਿਆ ਕਿ ਇਹ ਕੰਮ ਜਲਦੀ ਤੋਂ ਜਲਦੀ ਹੱਲ ਕੀਤਾ ਜਾਵੇਗਾ ਅਤੇ ਜੇਕਰ ਉਹਨਾਂ ਨੂੰ ਕੋਈ ਵੀ ਕੰਪਲੇਟ ਆਉਂਦੀ ਹੈ ਤਾਂ ਉਸਨੂੰ ਸਾਡੇ ਸਫਾਈ ਕਰਮਚਾਰੀਆਂ ਵਲੋਂ ਜਲਦੀ ਹੀ ਹੱਲ ਕੀਤਾ ਜਾਂਦਾ ਹੈ। ਇਸ ਮੌਕੇ ਵਾਰਡ ਦੇ ਲੋਕਾ ਨੇ ਬੀ ਐਲ ਯਾਦਵ ਦਾ ਧੰਨਵਾਦ ਕੀਤਾ ਇਸ ਮੌਕੇ ਪਾਵਨ ਰਾਜ, ਰਾਮੂ ਨਿਸ਼ਾਦ,ਰਾਜਿੰਦਰ ਸ਼ਰਮਾ,ਅਜੇ ਸ਼ੁਕਲਾ,ਡੀ ਸੀ ਗਰਗ,ਵਿਨੋਦ ਕੁਮਾਰ,ਵਿਜੈ ਕੁਮਾਰ ਆਦਿ ਮੌਜੂਦਾ ਸਨ






**ਲੁਧਿਆਣਾ, 24 ਜਨਵਰੀ(ਸੁਖਚੈਨ, ਵਰਿੰਦਰ ਪ੍ਰਕਾਸ਼ ਭਾਂਬਰੀ ):** ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਬੀ.ਐਸ.ਠਾਕੁਰ ਨੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਸਵਾਮੀ ਪ੍ਰਸਾਦ ਮੌਰਿਆ ਨੇ ਰਾਮਚਰਿਤਮਾਨਸ ’ਤੇ ਪਾਬੰਦੀ ਲਗਾਉਣ ਦੀ ਗੱਲ ਕੀਤੀ ਹੈ।ਇਸ ਤੋਂ ਪਤਾ ਲੱਗਦਾ ਹੈ ਕਿ ਸਵਾਮੀ ਪ੍ਰਸ਼ਾਦ ਮੌਰਿਆ ਹਿੰਦੂ ਹੋਣ ਦੇ ਬਾਵਜੂਦ ਹਿੰਦੂ ਵਿਰੋਧੀ ਹਨ।ਰਾਮਾਇਣ ਕਲਯੁਗ ਵਿਚ ਹਿੰਦੂਆਂ ਦੀ ਸਭ ਤੋਂ ਵੱਡੀ ਪੁਸਤਕ ਹੈ।ਮਰਯਾਦਾ ਪੁਰਸ਼ੋਤਮ ਸ਼੍ਰੀ ਰਾਮਚੰਦਰ ਜੀ, ਰਾਮਾਇਣ, ਕਲਯੁਗ ਦੇ ਰਾਜੇ ਹਨੂੰਮਾਨ ਜੀ ਦੀ ਕਥਾ ਰਾਮਾਇਣ ਵਿੱਚ ਹੈ।ਜਿਸ ਦੀ ਸਵਾਮੀ ਪ੍ਰਸਾਦ ਨੇ ਨਿੰਦਾ ਕੀਤੀ ਹੈ।ਇਹ ਬਹੁਤ ਨਿੰਦਣਯੋਗ ਹੈ।ਠਾਕੁਰ ਨੇ ਕਿਹਾ ਕਿ ਰਾਮਾਇਣ ਦੀ ਬੁਰਾਈ ਕਰਨ ਨਾਲ ਕਦੇ ਵੀ ਸਫਲਤਾ ਨਹੀਂ ਮਿਲ ਸਕਦੀ।ਇਸ ਦਾ ਖਮਿਆਜ਼ਾ ਸਵਾਮੀ ਪ੍ਰਸਾਦ ਮੌਰਿਆ ਨੂੰ ਭੁਗਤਣਾ ਪਵੇਗਾ।ਅਜਿਹੇ ਬਿਆਨ ਦੇ ਉਨ੍ਹਾਂ ਨੇ ਸਵਾਮੀ ਦਾ ਵੀ ਅਪਮਾਨ ਕੀਤਾ ਹੈ ਜੋ ਉਨ੍ਹਾਂ ਦੇ ਨਾਂ ਅੱਗੇ ਲਿਖਿਆ ਗਿਆ ਹੈ।

# ਸ਼ਹਿਰ ਦੀ ਸਫ਼ਾਈ ਨੂੰ ਲੈ ਕੇ ਵਿਧਾਇਕਾ ਮਾਣੂੰਕੇ ਵੱਲੋਂ ਅਧਿਕਾਰੀਆਂ ਨੂੰ ਸਖ਼ਤ ਹਦਾਇਤਾਂ

## ਡਿਊਟੀ ’ਚ ਲਾਪ੍ਰਵਾਹੀ ਕਿਸੇ ਵੀ ਕੀਮਤ ’ਤੇ ਬਰਦਾਸ਼ਤ ਨਹੀਂ ਕੀਤੀ ਜਾਵੇਗੀ - ਬੀਬੀ ਮਾਣੂੰਕੇ

**ਜਗਰਾਉਂ/ਲੋਕ ਬਾਣੀ**

ਸ਼ਹਿਰ ਦੀ ਸਫ਼ਾਈ ਨੂੰ ਲੈ ਕੇ ਹਲਕਾ ਜਗਰਾਉਂ ਦੇ ਵਿਧਾਇਕਾ ਬੀਬੀ ਮਾਣੂੰਕੇ ਐਕਸ਼ਨ ਵਿੱਚ ਆ ਗਏ ਹਨ ਅਤੇ ਅੱਜ ਵਿਧਾਇਕਾ ਵੱਲੋਂ ਨਗਰ ਕੌਂਸਲ ਜਗਰਾਉਂ ਅਧਿਕਾਰੀਆਂ ਨੂੰ ਆਪਣੇ ਦਫਤਰ ਵਿਖੇ ਬੁਲਾਕੇ ਸਖ਼ਤ ਹਦਾਇਤਾਂ ਜਾਰੀ ਕਰ ਦਿੱਤੀਆਂ ਹਨ ਕਿ ਜਗਰਾਉਂ ਸ਼ਹਿਰ ਦੇ ਕਿਸੇ ਵੀ ਗਲੀ-ਮੁਹੱਲੇ ਵਿੱਚ ਜੇਕਰ ਗੰਦਗੀ ਜਾਂ ਕੂੜਾ ਕਰਕਟ ਨਜ਼ਰ ਆਇਆ ਤਾਂ ਉਸ ਏਰੀਏ ਦੇ ਸਫ਼ਾਈ ਕਰਮਚਾਰੀ ਅਤੇ ਸਬੰਧਿਤ ਅਧਿਕਾਰੀ ਵਿਰੁੱਧ ਕਾਰਵਾਈ ਕੀਤੀ ਜਾਵੇਗੀ ਅਤੇ ਡਿਊਟੀ ਵਿੱਚ ਲਾ-ਪ੍ਰਵਾਹੀ ਕਿਸੇ ਵੀ ਕੀਮਤ ਉਪਰ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਸਫ਼ਾਈ ਦੇ ਮਾਮਲੇ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਵਿਧਾਇਕਾ ਮਾਣੂੰਕੇ ਵੱਲੋਂ ਅੱਜ 23 ਜਨਵਰੀ ਨੂੰ ਨਗਰ ਕੌਂਸਲ ਜਗਰਾਉਂ ਦੇ ਕਾਰਜ ਸਾਧਕ ਅਧਿਕਾਰੀ ਨੂੰ ਪੱਤਰ ਨੰਬਰ 07 ਜਾਰੀ ਕਰਕੇ ਗਲੀਆਂ ਅਤੇ ਮੁਹੱਲਿਆਂ ਵਿੱਚੋਂ ਕੂੜਾ ਚੁੱਕਣ ਵਾਲੇ ਸਵੀਪਰ ਕਰਮਚਾਰੀਆਂ ਦੀਆਂ ਲਿਸਟਾਂ ਮੰਗ ਲਈਆਂ ਗਈਆਂ ਹਨ ਅਤੇ ਇਹ ਵੀ ਪੁੱਛਿਆ ਹੈ ਕਿ ਸਵੀਪਰ ਕਰਮਚਾਰੀ ਕਿਹੜੇ-ਕਿਹੜੇ ਦਿਨ ਗਲੀਆਂ ਮੁਹੱਲਿਆਂ ਵਿੱਚੋਂ ਕੂੜਾ ਚੁੱਕਦੇ ਹਨ ਅਤੇ ਸਫ਼ਾਈ ਕਿਸ ਦਿਨ ਕਰਦੇ ਹਨ। ਇਸ ਸਬੰਧ ਵਿੱਚ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸ਼ਹਿਰ ਵਿੱਚੋਂ ਉਹਨਾਂ ਨੂੰ ਲੋਕਾਂ ਦੀਆਂ ਸ਼ਿਕਾਇਤਾਂ ਮਿਲ ਰਹੀਆਂ ਹਨ ਕਿ ਮੁਹੱਲਿਆਂ ਅਤੇ ਆਮ ਰਸਤਿਆਂ ਵਿੱਚ ਸਫਾਈ ਦਾ ਬਹੁਤ ਬੁਰਾ ਹਾਲ ਅਤੇ ਕਈ ਕਈ ਦਿਨਾਂ ਉਹਨਾਂ ਦੇ ਘਰਾਂ ਦਾ ਕੂੜਾ ਵੀ ਨਹੀਂ ਚੁੱਕਿਆ ਜਾਂਦਾ ਅਤੇ ਗੰਦਗੀ ਕਾਰਨ ਲੋਕਾਂ ਨੂੰ ਮੁਸ਼ਕਲ ਦਾ ਸਾਹਮਣਾ ਕਰਨਾਂ ਪੈ ਰਿਹਾ ਹੈ। ਵਿਧਾਇਕਾ ਮਾਣੂੰਕੇ ਨੇ ਆਖਿਆ ਕਿ ਹੁਣ ਸਮਾਂ ਬਦਲ ਚੁੱਕਾ ਹੈ ਅਤੇ ਪੰਜਾਬ ਦੇ ਲੋਕਾਂ ਨੇ 92 ਸੀਟਾਂ ਜਿੱਤਾਕੇ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਆਪਣੀ ਸਰਕਾਰ ਬਣਾਈ ਹੈ ਅਤੇ ਹੁਣ ਆਮ ਲੋਕਾਂ ਦਾ ਰਾਜ ਚੱਲੇਗਾ ਤੇ ਕਿਸੇ ਅਣਗਹਿਲੀ ਕਰਨ ਵਾਲੇ ਅਧਿਕਾਰੀ ਜਾਂ ਕਰਮਚਾਰੀ ਨੂੰ ਬਖਸ਼ਿਆ ਨਹੀਂ ਜਾਵੇਗਾ ਅਤੇ ਕਾਰਵਾਈ ਕੀਤੀ ਜਾਵੇਗੀ। ਵਿਧਾਇਕਾ ਮਾਣੂੰਕੇ ਨੇ ਆਖਿਆ ਕਿ ਜਗਰਾਉਂ ਸ਼ਹਿਰ ਦੀ ਸਫ਼ਾਈ ਅਤੇ ਕੂੜੇ ਦੇ ਡੰਪ ਖ਼ਤਮ ਕਰਨ ਲਈ ਉਹਨਾਂ ਵੱਲੋਂ ਪੰਜਾਬ ਸਰਕਾਰ ਪਾਸੋਂ 70 ਲੱਖ ਰੁਪਏ ਦੇ ਪ੍ਰੋਜੈਕਟ ਪਾਸ ਕਰਵਾਏ ਗਏ ਹਨ ਤਾਂ ਜੋ ਕੂੜਾ ਇਕੱਠਾ ਕਰਨ ਲਈ ਟਰੈਕਟਰ, ਰੋਲਰ, ਲੋਡਰ, ਕੂੜਾ ਚੁੱਕਣ ਵਾਲੀਆਂ ਗੱਡੀਆਂ, ਰੇਹੜੀਆਂ ਆਦਿ ਦੀ ਖਰੀਦ ਕੀਤੀ ਜਾ ਸਕੇ। ਜੇਕਰ ਫਿਰ ਵੀ ਸ਼ਹਿਰ ਦੀ ਸਫ਼ਾਈ ਵਿੱਚ ਕੋਈ ਲਾ-ਪ੍ਰਵਾਹੀ ਕੀਤੀ ਜਾਂਦੀ ਹੈ ਤਾਂ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਇਸ ਮੌਕੇ ਵਿਧਾਇਕਾ ਸਰਵਜੀਤ ਕੌਰ ਮਾਣੂੰਕੇ ਨੇ ਲੋਕਾਂ ਨੂੰ ਅਪੀਲ ਕਰਦੇ ਹੋਏ ਆਖਿਆ ਕਿ ਜੇਕਰ ਕਿਸੇ ਮੁਹੱਲੇ ਵਿੱਚ ਕੂੜਾ ਚੁੱਕਣ ਜਾਂ ਸਫ਼ਾਈ ਸਬੰਧੀ ਕੋਈ ਸਮੱਸਿਆ ਪੇਸ਼ ਆ ਰਹੀ ਹੈ ਤਾਂ ਲੋਕ ਹੀਰਾ ਬਾਗ਼ ਸਥਿਤ ਐਮ.ਐਲ.ਏ.ਦਫਤਰ ਵਿਖੇ ਪਹੁੰਚਕੇ ਸੂਚਿਤ ਕਰਨ ਅਤੇ ਸਬੰਧਿਤ ਅਧਿਕਾਰੀ ਤੇ ਕਰਮਚਾਰੀ ਵਿਰੁੱਧ ਕਾਰਵਾਈ ਕੀਤੀ ਜਾਵੇਗੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰੋਫੈਸਰ ਸੁਖਵਿੰਦਰ ਸਿੰਘ, ਕੁਲਜੀਤ ਸਿੰਘ ਚੀਫ਼ ਇੰਸਪੈਕਟਰ ਨਗਰ ਕੌਂਸਲ ਜਗਰਾਉਂ, ਸੈਨੇਟਰੀ ਇੰਸਪੈਕਟਰ ਸ਼ਾਮ ਕੁਮਾਰ, ਹਰੀਸ਼ ਕੁਮਾਰ, ਐਡਵੋਕੇਟ ਕਰਮ ਸਿੰਘ ਸਿੱਧੂ, ਪੱਪੂ ਭੰਡਾਰੀ, ਛਿੰਦਰਪਾਲ ਸਿੰਘ ਮੀਨੀਆਂ, ਸੁਰਜੀਤ ਸਿੰਘ ਕਲੇਰ, ਜਗਰੂਪ ਸਿੰਘ ਜੱਗਾ ਆਦਿ ਵੀ ਹਾਜ਼ਰ ਸਨ।



# ਮਾਂ-ਬਾਪ ਅੱਖਾਂ ਦੇ ਤਾਰੇ ਨੇ

ਕੋਈ ਜੌਹਰੀ ਵੀ ਨਹੀਂ ਪਰਖ ਸਕਿਆ
ਜੋ ਇਹ ਚਮਕਦੇ ਸਿਤਾਰੇ ਨੇ
ਲਾਹੌਰ ਵੀ ਕਹਿੰਦਾ ਸੱਟ ਨਹੀਂ ਲੱਗਣੀ
ਇਹ ਤਾਂ ਮਜ਼ਬੂਤ ਸਹਾਰੇ ਨੇ
ਮਾਂ-ਬਾਪ ਅੱਖਾਂ ਦੇ ਤਾਰੇ ਨੇ
ਇੰਨਾਂ ਦਾ ਨਾ ਕੋਈ ਸਾਨੀ ਏ
ਇੰਨ੍ਹਾਂ ਤੋਂ ਵੱਡਾ ਨਾ ਕੋਈ ਦਾਨੀ ਏ
ਰੱਬ ਵਾਂਗੂੰ ਪੂਜਦੇ ਸਾਰੇ ਨੇ
ਮਾਂ-ਬਾਪ ਅੱਖਾਂ ਦੇ ਤਾਰੇ ਨੇ
ਜਿੰਨਾਂ ਭੁੱਖ-ਨੰਗੇ ਰਹਿ ਕੇ ਕੀਤੀ ਮਿਹਨਤ ਮਜ਼ਦੂਰੀ
ਜਿੰਨਾਂ ਦੇਸੀ ਘਿਓ ਦੀ ਕੁੱਟ ਖਵਾਈ ਚੂਰੀ
ਹਰ ਪਲ ਰਹਿਣ ਜਿੱਤਦੇ ਨਾ ਕਦੇ ਹਾਰੇ ਨੇ
ਮਾਂ-ਬਾਪ ਅੱਖਾਂ ਦੇ ਤਾਰੇ ਨੇ
ਜੋ ਸੁਪਨਿਆਂ ਦੇ ਸੌਦਾਗਰ ਨੇ
ਮੇਰੇ ਲਈ ਗਾਗਰ ਦੇ ਵਿੱਚ ਸਾਗਰ ਨੇ
ਗਗਨ ਲਈ ਪ੍ਰੀਤ ਦੇ ਵਣਜਾਰੇ ਨੇ
ਧਾਲੀਵਾਲ ਮਾਂ-ਬਾਪ ਅੱਖਾਂ ਦੇ ਤਾਰੇ ਨੇ

**-ਪ੍ਰੋ.ਗਗਨਦੀਪ ਕੌਰ ਧਾਲੀਵਾਲ ਝਲੂਰ ਬਰਨਾਲਾ ।**



**ਅਜਮੇਰ ਸਿੰਘ ਤੇ ਸ੍ਰੀਮਤੀ ਸਿੰਦਰਪਾਲ ਕੌਰ ਪਿੰਡ ਝਲੂਰ, ਜ਼ਿਲ੍ਹਾ ਬਰਨਾਲਾ ਨੂੰ ਵਿਆਹ ਦੀ 37ਵੀਂ ਵਰ੍ਹੇਗੰਢ ਜੀ ਮੁਬਾਰਕਬਾਦ।**

# ਪਿੰਡ ਝੜੋਲੀ ’ਚ ਚੋਰਾਂ ਨੇ ਕੀਤੀ ਤਸੱਲੀ ਨਾਲ ਲੁੱਟ, ਸੋਨੇ ਦੇ ਗਹਿਣੇ ਅਤੇ ਨਕਦੀ ਚੋਰੀ ਕਰਕੇ ਹੋਏ ਫਰਾਰ


## ਦੀਨਾਨਗਰ ਹਲਕੇ ਚ ਚੋਰੀ ਦੀਆਂ ਵਾਰਦਾਤਾਂ ਹੋਣ ਕਾਰਨ ਲੋਕਾਂ ਚ ਦਹਿਸ਼ਤ ਦਾ ਮਾਹੌਲ

**ਦੀਨਾਨਗਰ/ਡਾ ਰਮੇਸ਼ ਸਰੰਗਲ**

ਦੀਨਾਨਗਰ ਥਾਣੇ ਅਧੀਨ ਪੈਂਦੇ ਪਿੰਡ ਨਵੀਂ ਝੜੋਲੀ ਵਿੱਚ ਚੋਰਾਂ ਨੇ ਇੱਕੋ ਰਾਤ ਵਿੱਚ ਕਈ ਘਰਾਂ ਵਿੱਚੋਂ ਸੋਨਾ, ਚਾਂਦੀ ਅਤੇ ਨਕਦੀ ਚੋਰੀ ਕੀਤੀ ਪੁਲਸ ਨੇ ਪੀੜਤ ਪਰਿਵਾਰ ਦੇ ਬਿਆਨਾਂ ਦੇ ਆਧਾਰ ’ਤੇ ਅਣਪਛਾਤੇ ਚੋਰਾਂ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

ਤਿਲਕ ਰਾਜ ਪੁੱਤਰ ਮਿਲਖੀ ਰਾਮ ਵਾਸੀ ਨਵੀਂ ਝੜੋਲੀ ਨੇ ਦੱਸਿਆ ਕਿ ਬੀਤੀ 22 ਜਨਵਰੀ ਨੂੰ ਉਸ ਦਾ ਲੜਕਾ ਸੁਨੀਲ ਕੁਮਾਰ ਆਪਣੇ ਰਿਸ਼ਤੇਦਾਰਾਂ ਦੇ ਘਰ ਪਿੰਡ ਅਵਾਂਖਾ ਗਿਆ ਹੋਇਆ ਸੀ। ਜਦੋਂ ਕਿ ਉਹ ਘਰ ਵਿਚ ਇਕੱਲਾ ਸੀ। ਅੱਧੀ ਰਾਤ ਨੂੰ ਜਦੋਂ ਉਹ ਪਿਸ਼ਾਬ ਕਰਨ ਲਈ ਉੱਠਿਆ ਤਾਂ ਦੇਖਿਆ ਕਿ ਉਸ ਦੇ ਕਮਰੇ ਦਾ ਗੇਟ ਅਤੇ ਪਿਛਲੇ ਕਮਰੇ ਦਾ ਦਰਵਾਜ਼ਾ ਖੁੱਲ੍ਹਾ ਸੀ। ਜਦੋਂ ਉਹ ਦਰਵਾਜ਼ੇ ਕੋਲ ਗਿਆ ਤਾਂ ਕਮਰੇ ਵਿੱਚ 6 ਵਿਅਕਤੀ ਮੌਜੂਦ ਸਨ, ਜਿਨ੍ਹਾਂ ਨੇ ਆਪਣੇ ਮੂੰਹ ਕੱਪੜੇ ਨਾਲ ਢੱਕੇ ਹੋਏ ਸਨ। ਜਦੋਂ ਕਿ





3 ਵਿਅਕਤੀਆਂ ਕੋਲ ਡੰਡੇ ਸਨ ਅਤੇ 3 ਵਿਅਕਤੀ ਕਮਰੇ ਵਿੱਚ ਪਏ ਅਲਮੀਰਾ ਦੀ ਤਲਾਸ਼ੀ ਲੈ ਰਹੇ ਸਨ । ਜਦੋਂ ਉਨ੍ਹਾਂ ਨੇ ਉਸ ਨੂੰ ਫੜਨ ਦੀ ਕੋਸ਼ਿਸ਼ ਕੀਤੀ ਤਾਂ ਉਹ ਉਸ ਨੂੰ ਹੇਠਾਂ ਧੱਕਾ ਦੇ ਕੇ ਗੇਟ ਰਾਹੀਂ ਬਾਹਰ ਭੱਜ ਗਏ। ਉਨ੍ਹਾਂ ਨੇ ਘਰ ਤੋਂ ਬਾਹਰ ਆ ਕੇ ਹੰਗਾਮਾ ਕਰ ਦਿੱਤਾ। ਜਿਸ ਤੋਂ ਬਾਅਦ ਉਸ ਨੇ ਫੋਨ ਰਾਹੀਂ ਆਪਣੇ ਲੜਕੇ ਨੂੰ ਪੂਰੀ ਜਾਣਕਾਰੀ ਦਿੱਤੀ। ਜਦੋਂ ਸਵੇਰੇ ਉਸ ਦਾ ਲੜਕਾ ਘਰ ਆਇਆ ਤਾਂ ਤਲਾਸ਼ੀ ਦੌਰਾਨ ਪਤਾ ਲੱਗਾ ਕਿ ਚੋਰ ਉਸ ਦੇ ਘਰੋਂ 8 ਸੋਨੇ ਦੀਆਂ ਮੁੰਦਰੀਆਂ, ਇਕ ਸੋਨੇ ਦੀ ਚੇਨ, ਇਕ ਸੋਨੇ ਦਾ ਹਾਰ, ਇਕ ਸੋਨੇ ਦਾ ਟਿੱਕਾ, ਇਕ ਸੋਨੇ ਦਾ ਕੋਕਾ ਅਤੇ ਇਕ ਜੋੜਾ ਚਾਂਦੀ ਦੇ ਕੰਗਣ ਦੋ ਘੜੀਆਂ ਅਤੇ 5 ਹਜ਼ਾਰ ਰੁਪਏ ਦੀ ਨਕਦੀ ਚੋਰੀ ਕਰਕੇ ਲੈ ਗਏ ਹਨ । ਉਨ੍ਹਾਂ ਇਹ ਵੀ ਦੱਸਿਆ ਹੈ ਕਿ ਚੋਰਾਂ ਨੇ ਉਨ੍ਹਾਂ ਦੇ ਪਿੰਡ ਵਾਸੀ ਅਜੈ ਸਿੰਘ, ਕੇਵਲ ਸਿੰਘ, ਸੁਰਿੰਦਰ ਸਿੰਘ ਦੇ ਘਰੋਂ ਗਹਿਣੇ ਅਤੇ ਨਕਦੀ ਚੋਰੀ ਕੀਤੀ ਹੈ।

ਜ਼ਿਕਰਯੋਗ ਹੈ ਕਿ ਦੀਨਾਨਗਰ ਇਲਾਕੇ ’ਚ ਚੋਰੀ ਦੀਆਂ ਘਟਨਾਵਾਂ ਆਮ ਹੋ ਗਈਆਂ ਹਨ। ਲੋਕ ਆਪਣੀ ਮਿਹਨਤ ਦੀ ਕਮਾਈ ਗਵਾ ਰਹੇ ਹਨ ਪਰ ਹੈਰਾਨੀ ਦੀ ਗੱਲ ਹੈ ਕਿ ਪੁਲਿਸ ਚੋਰਾਂ ਨੂੰ ਕਾਬੂ ਕਰਨ ਵਿੱਚ ਨਾਕਾਮ ਸਾਬਤ ਹੋ ਰਹੀ ਹੈ। ਚੋਰਾਂ ਦੇ ਡਰ ਕਾਰਨ ਲੋਕ ਘਰੋਂ ਬਾਹਰ ਨਿਕਲਣ ਤੋਂ ਪਹਿਲਾਂ ਕਈ ਵਾਰ ਸੋਚਣ ਲਈ ਮਜਬੂਰ ਹਨ। ਚੋਰੀ ਦੀਆਂ ਵਾਰਦਾਤਾਂ ਚ ਵਾਧਾ ਹੋਣ ਕਾਰਨ ਲੋਕਾਂ ਚ ਦਹਿਸ਼ਤ ਦਾ ਮਾਹੌਲ ਪਾਇਆ ਜਾ ਰਿਹਾ ਹੈ।

# ਕਿਡਜ ਕੇਅਰ ਇੰਟਰਨੈਸ਼ਨਲ ਸਕੂਲ ’ਚ ਸੁਭਾਸ਼ ਚੰਦਰ ਬੋਸ ਦਾ ਜਨਮ ਦਿਹਾੜਾ



**ਦੀਨਾਨਗਰ/ਡਾ.ਰਮੇਸ਼ ਸਰੰਗਲ**

ਅੱਜ ਕਿਡਜ਼ ਕੇਅਰ ਇੰਟਰਨੈਸ਼ਨਲ ਸਕੂਲ ਦੀਨਾਨਗਰ ਚ ਸਕੂਲ ਦੇ ਪ੍ਰਧਾਨ ਅਰਵਿੰਦ ਮਹਿਤਾ ਦੀ ਪ੍ਰਧਾਨਗੀ ਹੇਠ ਨੇਤਾ ਸੁਭਾਸ਼ ਚੰਦਰ ਬੋਸ ਦਾ 126ਵਾਂ ਜਨਮ ਦਿਹਾੜਾ ਮਨਾਇਆ ਗਿਆ। ਚੇਅਰਮੈਨ ਸ੍ਰੀ ਅਰਵਿੰਦ ਮਹਿਤਾ ਅਤੇ ਪ੍ਰਿੰਸੀਪਲ ਸ਼੍ਰੀਮਤੀ ਪ੍ਰੋਮਿਲਾ ਮਨਹਾਸ ਨੇ ਨੇਤਾ ਸੁਭਾਸ਼ ਚੰਦਰ ਬੋਸ ਦੇ ਦੇਸ਼ ਸਮਰਪਿਤ ਜੀਵਨ ਬਾਰੇ ਦੱਸਿਆ ਕਿ ਕਿਵੇਂ ਉਨ੍ਹਾਂ ਨੇ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਅੰਗਰੇਜ਼ਾਂ ਵਿਰੁੱਧ ਆਜ਼ਾਦ ਹਿੰਦ ਫੌਜ ਦੀ ਸਥਾਪਨਾ ਕੀਤੀ। ਅਤੇ ਦੇਸ਼ ਵਾਸੀਆਂ ਨੂੰ ਨਾਅਰਾ ਦਿੱਤਾ, ਤੁਮ ਮੁਝੇ ਖ਼ੂਨ ਦਿਓ, ਮੈਂ ਤੁਹਾਨੂੰ ਅਜ਼ਾਦੀ ਦਿਆਂਗਾ।” ਪ੍ਰਿੰਸੀਪਲ ਪ੍ਰੋਮਿਲਾ ਮਨਹਾਸ ਨੇ ਵਿਦਿਆਰਥੀਆਂ ਨੂੰ ਕਿਹਾ ਕਿ ਤੁਸੀਂ ਅਜਿਹੀ ਪ੍ਰੇਰਨਾਦਾਇਕ ਸ਼ਖ਼ਸੀਅਤ ਦੀਆਂ ਸਿੱਖਿਆਵਾਂ ਨੂੰ ਆਪਣੇ ਜੀਵਨ ਵਿੱਚ ਧਾਰਨ ਕਰੋ।ਇਸ ਮੌਕੇ ਸਮੂਹ ਸਟਾਫ਼ ਮੈਂਬਰ ਹਾਜ਼ਰ ਸਨ।

# ਪੰਜਾਬ ਸਰਕਾਰ ਆਜ਼ਾਦੀ ਘੁਲਾਟੀਆਂ ਦੀ ਭਲਾਈ ਲਈ ਵਚਨਬੱਧ : ਚੇਤਨ ਸਿੰਘ ਜੌੜਾਮਾਜਰਾ

## 22 ਜ਼ਿੰਦਾ ਆਜ਼ਾਦੀ ਘੁਲਾਟੀਆਂ ਨੂੰ ਉਨਾਂ ਦੇ ਮਸਲਿਆਂ ਦੇ ਹੱਲ ਲਈ ਨਿੱਜੀ ਤੌਰ 'ਤੇ ਮਿਲਾਂਗਾ-ਕੈਬਨਿਟ ਮੰਤਰੀ

**ਕੈਬਨਿਟ ਮੰਤਰੀ ਨੇ ਨੇਤਾਜੀ ਸੁਭਾਸ਼ ਚੰਦਰ ਬੋਸ ਦੀ 126ਵੇਂ ਜਨਮ ਦਿਵਸ ਮੌਕੇ 'ਫਰੀਡਮ ਫਾਈਟਰਜ ਸਕਸੈਸਰਜ਼ ਆਰਗੇਨਾਈਜੇਸ਼ਨ ਪੰਜਾਬ' ਦੇ ਸਮਾਗਮ ਦੀ ਪ੍ਰਧਾਨਗੀ ਕੀਤੀ**



**ਲੁਧਿਆਣਾ/ਸੁਖਚੈਨ ਮਹਿਰਾ ਵਰਿੰਦਰ ਪ੍ਰਕਾਸ਼ ਭਾਂਬਰੀ**

ਕੈਬਨਿਟ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੇ ਸੋਮਵਾਰ ਨੂੰ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਆਜਾਦੀ ਘੁਲਾਟੀਆਂ ਅਤੇ ਉਨਾਂ ਦੇ ਪਰਿਵਾਰਾਂ ਦੀ ਭਲਾਈ ਲਈ ਵਚਨਬੱਧ ਹੈ।

ਫਰੀਡਮ ਫਾਈਟਰਜ ਸੁਕੈਸਰਜ ਆਰਗੇਨਾਈਜੇਸ਼ਨ ਪੰਜਾਬ ਵੱਲੋਂ ਕਰਵਾਏ ਨੇਤਾਜੀ ਸੁਭਾਸ਼ ਚੰਦਰ ਬੋਸ ਦੀ 126ਵੇਂ ਜਨਮ ਦਿਵਸ ਨੂੰ ਸਮਰਪਿਤ ਸਮਾਗਮ ਦੀ ਪ੍ਰਧਾਨਗੀ ਕਰਦਿਆਂ ਸ੍ਰੀ ਜੌੜਾਮਾਜਰਾ ਨੇ ਕਿਹਾ ਕਿ 'ਆਪ ' ਦੀ ਸਰਕਾਰ ਆਜਾਦੀ ਘੁਲਾਟੀਆਂ ਦੀ ਭਲਾਈ ਲਈ ਹਰ ਸੰਭਵ ਯਤਨ ਕਰ ਰਹੀ ਹੈ ਅਤੇ ਹਮੇਸ਼ਾ ਉਨਾਂ ਦੇ ਨਾਲ ਖੜੀ ਹੈ।

ਮੰਤਰੀ ਨੇ ਕਿਹਾ ਕਿ ਉਹ ਪੰਜਾਬ ਵਿੱਚ ਰਹਿ ਰਹੇ 22 ਆਜਾਦੀ ਘੁਲਾਟੀਆਂ ਨਾਲ ਨਿੱਜੀ ਤੌਰ 'ਤੇ ਮੁਲਾਕਾਤ ਕਰਨਗੇ ਅਤੇ ਉਨਾਂ ਨਾਲ ਸਬੰਧਤ ਸਾਰੇ ਮਸਲਿਆਂ ਨੂੰ ਜਲਦ ਹੱਲ ਕੀਤਾ ਜਾਵੇਗਾ।

ਸ੍ਰੀ ਜੌੜਾਮਾਜਰਾ ਨੇ ਕਿਹਾ ਕਿ ਲੋੜਵੰਦ ਆਜਾਦੀ ਘੁਲਾਟੀਆਂ ਨੂੰ ਮਕਾਨ/ਛੱਤਾਂ ਦੀ ਮੁਰੰਮਤ ਲਈ 50,000 ਰੁਪਏ ਦੀ ਵਿੱਤੀ ਸਹਾਇਤਾ ਵੀ ਦਿੱਤੀ ਜਾਵੇਗੀ। ਕੈਬਨਿਟ ਮੰਤਰੀ ਨੇ ਕਿਹਾ ਕਿ ਉਨਾਂ ਨੇ ਆਜਾਦੀ ਘੁਲਾਟੀਆਂ ਦੀ ਮਹੀਨਾਵਾਰ ਪੈਨਸ਼ਨ ਵਧਾਉਣ ਦਾ ਪ੍ਰਸਤਾਵ ਵੀ ਰੱਖਿਆ ਸੀ ਅਤੇ ਇਹ ਮਾਮਲਾ ਮੁੱਖ ਮੰਤਰੀ ਕੋਲ ਵੀ ਚੁੱਕਣਗੇ।

ਇਸ ਤੋਂ ਪਹਿਲਾਂ ਕੈਬਨਿਟ ਮੰਤਰੀ ਨੇ ਨੇਤਾਜੀ ਸੁਭਾਸ਼ ਚੰਦਰ ਬੋਸ ਅਤੇ ਹੋਰ ਆਜਾਦੀ ਘੁਲਾਟੀਆਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਆਜਾਦੀ ਘੁਲਾਟੀਆਂ ਅਤੇ ਉਨਾਂ ਦੇ ਪਰਿਵਾਰਾਂ ਲਈ ਭਲਾਈ ਦੇ ਹੋਰ ਉਪਰਾਲੇ ਵੀ ਸ਼ੁਰੂ ਕਰੇਗੀ। ਉਨਾਂ ਕਿਹਾ ਕਿ ਇਹ ਸਹੀ ਸਮਾਂ ਹੈ , ਨੌਜਵਾਨਾਂ ਨੂੰ ਅੱਗੇ ਆਉਣਾ ਚਾਹੀਦਾ ਹੈ ਅਤੇ ਸਾਡੇ ਮਹਾਨ ਆਜਾਦੀ ਘੁਲਾਟੀਆਂ ਦੇ ਸੁਪਨਿਆਂ ਦੇ ਨੂੰ ਪੂਰਾ ਕਰਨ ਲਈ ਸਰਗਰਮ ਭੂਮਿਕਾ ਨਿਭਾਉਣੀ ਚਾਹੀਦੀ ਹੈ। ਉਨਾਂ ਅੱਗੇ ਕਿਹਾ ਕਿ ਇਹ ਸਾਡੇ ਲਈ ਮਾਣ ਵਾਲੀ ਗੱਲ ਹੈ ਕਿ ਪੰਜਾਬੀਆਂ ਨੇ ਕੌਮੀ ਆਜਾਦੀ ਦੀ ਲੜਾਈ ਵਿੱਚ ਵੱਡਾ ਯੋਗਦਾਨ ਪਾਇਆ ਹੈ। ਇਸ ਮੌਕੇ ਫਰੀਡਮ ਫਾਈਟਰਜ਼ ਸਕਸੈਰਜ਼ ਆਰਗੇਨਾਈਜੇਸ਼ਨ ਪੰਜਾਬ ਦੇ ਸੂਬਾ ਪ੍ਰਧਾਨ ਹਰਿੰਦਰਪਾਲ ਸਿੰਘ ਖਾਲਸਾ, ਜਨਰਲ ਸਕੱਤਰ ਮੇਜਰ ਸਿੰਘ ਬਰਨਾਲਾ, ਵਿੱਤ ਸਕੱਤਰ ਭਰਪੂਰ ਸਿੰਘ, ਆਲ ਇੰਡੀਆ ਕਮੇਟੀ ਮੈਂਬਰ ਗੁਰਵਿੰਦਰਪਾਲ ਸਿੰਘ, ਸੀਨੀਅਰ ਮੀਤ ਪ੍ਰਧਾਨ ਸਚਿਨ ਮਨਚੰਦਾ, ਜੋਨਲ ਇੰਚਾਰਜ ਲੁਧਿਆਣਾ ਰਵਿੰਦਰ ਕਪੂਰ, ਜ਼ਿਲਾ ਪ੍ਰਧਾਨ ਸ. ਪ੍ਰਧਾਨ ਲੁਧਿਆਣਾ ਬਲਵਿੰਦਰ ਸਿੰਘ ਸੇਖੋਂ, ਸਰਕਲ ਪ੍ਰਧਾਨ ਅਵਤਾਰ ਸਿੰਘ, ਜਿਲਾ ਜਨਰਲ ਸਕੱਤਰ ਸੁਖਜੀਤ ਸਿੰਘ ਤੋਂ ਇਲਾਵਾ ਕਈ ਹੋਰ ਹਾਜ਼ਰ ਸਨ।

# ਕੋਟਕ ਸਿਕਯੋਰਟੀਜ ਅਤੇ ਐਕਸਕਲੂਸਿਵ ਸਿਕਯੋਰਟੀਜ ਨੇ ਰਣਨੀਤਕ ਕਰਾਰ ਦਾ ਐਲਾਨ ਕੀਤਾ




**ਅੰਮਿਤਸਰ/ਲੋਕ ਬਾਣੀ**

ਕੋਟਕ ਸਿਕਯੋਰਟੀਜ ਲਿਮਿਟਡ ਨੇ ਮੱਧ ਪ੍ਰਦੇਸ਼ ਦੀ ਬ੍ਰੋਕਰੇਜ ਫਰਮ- ਇੰਦੌਰ ਸਥਿੱਤ ਮੋਹਰੀ ਐਕਸਕਲੂਸਿਵ ਸਿਕਯੋਰਟੀਜ ਦੇ ਨਾਲ ਸਾਂਝੇਦਾਰੀ ਦਾ ਐਲਾਨ ਕੀਤਾ ਹੈ। ਐਕਸਕਲੂਸਿਵ ਸਿਕਯੋਰਟੀਜ ਦੇ ਕਲਾਇੰਟਸ ਮੱਧ ਪ੍ਰਦੇਸ਼, ਮਹਾਰਾਸ਼ਟਰ, ਛੱਤੀਸਗੜ੍ਹ, ਰਾਜਸਥਾਨ, ਤਾਮਿਲਨਾਡੂ ਅਤੇ ਕਰਨਾਟਕ 'ਚ ਫੈਲੇ ਹਨ । ਇਸ ਸਾਂਝੇਦਾਰੀ ਦੇ ਤਹਿਤ ਕੋਟਕ ਸਿਕਯੋਰਟੀਜ, ਐਕਸਕਲੂਸਿਵ ਸਿਕਯੋਰਟੀਜ ਦੇ 30,000 ਨਾਲੋਂ ਜਿਆਦਾ ਨਿਵੇਸ਼ਕਾਂ ਅਤੇ ਕਲਾਇੰਟਸ ਨੂੰ ਕਵਰ ਕਰੇਗਾ ।

ਇਹ ਸਾਂਝੇਦਾਰੀ ਕੋਟਕ ਸਿਕਯੋਰਟੀਜ ਅਤੇ ਐਕਸਕਲੂਸਿਵ ਸਿਕਯੋਰਟੀਜ ਦੋਵਾਂ ਦੇ ਕਲਾਇੰਟਸ ਨੂੰ ਤਕਨੀਕ ਅਧਾਰਿਤ ਨਿਵੇਸ਼ ਉਤਪਾਦ ਅਤੇ ਸੇਵਾਵਾਂ ਉਪਲਬਧ ਕਰਾਏਗੀ ।

ਇਸ ਮੌਕੇ 'ਤੇ ਜੈਯਦੀਪ ਹੰਸਰਾਜ, ਐਮਡੀ ਅਤੇ ਸੀਈਓ, ਕੋਟਕ ਸਿਕਯੋਰਟੀਜ ਲਿਮਿਟਡ ਨੇ ਕਿਹਾ, 'ਸਾਨੂੰ ਖੁਸ਼ੀ ਹੈ ਕਿ ਅਸੀਂ ਐਕਸਕਲੂਸਿਵ ਸਿਕਯੋਰਟੀਜ ਦੇ ਨਾਲ ਸਾਂਝੇਦਾਰੀ ਦੇ ਮਾਧਿਅਮ ਨਾਲ ਲਗਭਗ 30,000 ਨਿਵੇਸ਼ਕਾਂ ਨੂੰ ਆਪਣੀਆਂ ਸੇਵਾਵਾਂ ਪ੍ਰਦਾਨ ਕਰਨ ਜਾ ਰਹੇ ਹਾਂ । ਆਉਣ ਵਾਲੇ ਮਹੀਨਿਆਂ 'ਚ ਅਸੀਂ ਆਪਣੇ ਨਾਲ ਨਵੇਂ ਜੁੜੇ ਕਲਾਇੰਟਸ ਨੂੰ ਬਿਹਤਰੀਨ ਸੇਵਾਵਾਂ ਪ੍ਰਦਾਨ ਕਰਕੇ ਅਸਾਨ ਏਕੀਕਰਣ ਨੂੰ ਸੁਨਿਸ਼ਚਿਤ ਕਰਾਂਗੇ । ਇਹ ਸਾਂਝੇਦਾਰੀ ਸਟਾਕ ਮਾਰਕੀਟ 'ਚ ਨਿਵੇਸ਼ਕ ਦੀ ਯਾਤਰਾ ਨੂੰ ਕਾਮਯਾਬ ਬਣਾਏਗੀ, ਜਿੱਥੇ ਉਹ ਬਹੁਤ ਸਾਰੇ ਫੀਚਰਾਂ ਦੇ ਨਾਲ ਤੇਜ ਲੈਣ ਦੇਣ ਦਾ ਲਾਭ ਲੈ ਸਕਣਗੇ ।

ਬੀਡੀ ਭੱਟਰ, ਚੇਅਰਮੈਨ, ਐਕਸਕਲੂਸਿਵ ਸਿਕਯੋਰਟੀਜ ਲਿਮਿਟਡ ਨੇ ਕਿਹਾ, 'ਕੋਟਕ ਸਿਕਯੋਰਟੀਜ ਦੇ ਨਾਲ ਇਹ ਸਾਂਝੇਦਾਰੀ ਕਰਦੇ ਹੋਏ ਸਾਨੂੰ ਬਹੁਤ ਖੁਸ਼ੀ ਦਾ ਅਹਿਸਾਸ ਹੋ ਰਿਹਾ ਹੈ । ਕੋਟਕ ਬੀਐਫਐਸਆਈ ਸੈਗਮੈਂਟ 'ਚ ਸਭ ਤੋਂ ਵਿਸ਼ਵਾਸਯੋਗ ਨਾਮਾਂ 'ਚੋਂ ਇੱਕ ਹੈ । ਦੋਵੇਂ ਕੰਪਨੀਆਂ ਕਈ ਦਹਾਕਿਆਂ ਤੋਂ ਕਾਰੋਬਾਰ 'ਚ ਸੁਚੇਤ ਹਨ ਅਤੇ ਆਉਣ ਵਾਲੇ ਸਮੇਂ 'ਚ ਸਾਡੀ ਸਾਂਝੇਦਾਰੀ, ਕਲਾਇੰਟਸ ਨੂੰ 50 ਸਾਲਾਂ ਦੀ ਮਾਹਿਰਤਾ ਦੇ ਨਾਲ ਲਾਭ ਪਹੁੰਚਾਏਗੀ । ਸੰਜੇ ਸਮੈਯਾ, ਡਾਇਰੈਕਟਰ, ਐਕਸਕਲੂਸਿਵ ਸਿਕਯੋਰਟੀਜ ਲਿਮਿਟਡ ਨੇ ਕਿਹਾ, 'ਕੋਟਕ ਸਿਕਯੋਰਟੀਜ ਦੇ ਨਾਲ ਇਹ ਸਾਂਝੇਦਾਰੀ ਉਪਭੋਗਤਾਵਾਂ ਨੂੰ ਕਾਮਯਾਬ ਤਕਨੀਕਾਂ ਦੇ ਨਾਲ ਉਤਪਾਦਾਂ ਦੀ ਵਿਆਪਕ ਰੇਂਜ 'ਚ ਨਿਵੇਸ਼ ਦੇ ਮੌਕੇ ਪ੍ਰਦਾਨ ਕਰੇਗੀ । ਇਹ ਦੋਵੇਂ ਸੰਸਥਾਨਾਂ ਦੇ ਸਾਰੇ ਹਿਤਧਾਰਕਾਂ ਦੇ ਲਈ ਕਾਰਗਰ ਸਾਬਤ ਹੋਵੇਗੀ । ਨਾਲ ਹੀ ਐਕਸਕਲੂਸਿਵ ਗਰੁੱਪ ਨੂੰ ਆਪਣੇ ਕਲਾਇੰਟਸ ਨੂੰ ਉਦਯੋਗ ਜਗਤ ਦੀਆਂ ਬਿਹਤਰੀਨ ਪ੍ਰਥਾਵਾਂ ਦੇ ਨਾਲ ਸੇਵਾਵਾਂ ਪ੍ਰਦਾਨ ਕਰਨ ਦਾ ਮੌਕਾ ਦੇਵੇਗੀ ।

# ਟੈਕਸ ਵਸੂਲੀ ਵਧਾਉਣ ਲਈ ਅਧਿਕਾਰੀਆਂ ਨੂੰ ਜੀਐਸਟੀ ਦੀਆਂ ਪੇਚੀਦਗੀਆਂ ਤੋਂ ਪੂਰੀ ਤਰ੍ਹਾਂ ਜਾਣੂ ਹੋਣਾ ਚਾਹੀਦਾ ਹੈ : ਆਬਕਾਰੀ ਅਤੇ ਕਰ ਕਮਿਸ਼ਨਰ ਅਸ਼ੋਕ ਕੁਮਾਰ ਮੀਨਾ

## ਆਬਕਾਰੀ ਅਤੇ ਕਰ ਅਧਿਕਾਰੀਆਂ ਲਈ ਤਿੰਨ ਰੋਜ਼ਾ ਰਾਜ ਵਿਆਪੀ ਸਿਖਲਾਈ ਪ੍ਰੋਗਰਾਮ ਪੰਚਕੂਲਾ ਵਿੱਚ ਸ਼ੁਰੂ ਹੋਇਆ

**ਪੰਚਕੂਲਾ/ਲੋਕ ਬਾਣੀ**

ਪੰਚਕੂਲਾ, ਵਿਭਾਗ ਕੋਲ ਵਿਸਤ੍ਰਿਤ ਜਾਣਕਾਰੀ ਉਪਲਬਧ ਹੈ, ਜੇਕਰ ਲੋੜ ਪਵੇ ਤਾਂ ਅਧਿਕਾਰੀਆਂ ਨੂੰ ਅੱਪਡੇਟ ਜਾਣਕਾਰੀ ਰਾਹੀਂ ਟੈਕਸਦਾਤਾਵਾਂ ਤੱਕ ਪਹੁੰਚ ਕਰਨੀ ਚਾਹੀਦੀ ਹੈ ਤਾਂ ਜੋ ਮਾਲੀਏ ਦੇ ਨਜ਼ਰੀਏ ਤੋਂ ਸੂਬੇ ਨੂੰ ਮਜ਼ਬੂਤ ਕੀਤਾ ਜਾ ਸਕੇ। ਜੀਐਸਟੀ ਇੱਕ ਗੁੰਝਲਦਾਰ ਕਾਨੂੰਨ ਹੈ ਜਿਸਨੂੰ ਚੰਗੀ ਤਰ੍ਹਾਂ ਜਾਣਨਾ ਜ਼ਰੂਰੀ ਹੈ। ਨਿਯਮਤ ਸਿਖਲਾਈ ਪ੍ਰੋਗਰਾਮ ਅਫ਼ਸਰਾਂ ਨੂੰ ਸ਼ਕਤੀ ਪ੍ਰਦਾਨ ਕਰਨ ਵਿੱਚ ਕਾਰਗਰ ਸਾਬਤ ਹੁੰਦੇ ਹਨ। ਇਹ ਗੱਲ ਹਰਿਆਣਾ ਸਰਕਾਰ ਦੇ ਆਬਕਾਰੀ ਤੇ ਕਰ ਕਮਿਸ਼ਨਰ ਅਸ਼ੋਕ ਕੁਮਾਰ ਮੀਨਾ ਨੇ ਸੋਮਵਾਰ ਨੂੰ ਹੋਟਲ ਹਾਲੀਡੇ ਇਨ 'ਚ ਆਈ.ਸੀ.ਏ.ਆਈ ਦੁਆਰਾ ਸ਼ੁਰੂ ਕੀਤੇ ਗਏ ਤਿੰਨ ਦਿਨਾਂ 'ਜੀਐੱਸਟੀ 'ਤੇ ਸਮਰੱਥਾ ਨਿਰਮਾਣ ਪ੍ਰੋਗਰਾਮ' ਦੇ ਉਦਘਾਟਨੀ ਸੈਸ਼ਨ 'ਚ ਕਹੀ।

2017 ਵਿੱਚ ਜੀਐਸਟੀ ਲਾਗੂ ਹੋਣ ਤੋਂ ਬਾਅਦ ਕਈ ਬਦਲਾਅ ਹੋਏ ਹਨ। ਸਮੁੱਚੀ ਪ੍ਰਣਾਲੀ ਆਨਲਾਈਨ ਅਤੇ ਪਾਰਦਰਸ਼ੀ ਹੋਣ ਕਾਰਨ ਸਮੇਂ-ਸਮੇਂ 'ਤੇ ਕਈ ਐਕਟਾਂ 'ਚ ਬਦਲਾਅ ਕੀਤੇ ਗਏ ਹਨ, ਜੋ ਕਿ ਆਬਕਾਰੀ ਤੇ ਕਰ ਵਿਭਾਗ ਦੇ ਅਧਿਕਾਰੀਆਂ ਲਈ ਅਕਸਰ ਚੁਣੌਤੀਆਂ ਖੜ੍ਹੀਆਂ ਕਰ ਰਹੇ ਹਨ।



ਭਾਰਤ ਸਰਕਾਰ ਦੇ ਵਿੱਤ ਮੰਤਰਾਲੇ ਦੇ ਅਧੀਨ ਇੱਕ ਖੁਦਮੁਖਤਿਆਰ ਸੰਘ, ਭਾਰਤ ਸਰਕਾਰ ਦੇ ਚਾਰਟਰਡ ਅਕਾਊਂਟੈਂਟਸ ਦੇ ਸੰਸਥਾਨ (9319) ਨੇ ਹਰਿਆਣਾ ਸਰਕਾਰ ਦੇ ਆਬਕਾਰੀ ਅਤੇ ਕਰ ਵਿਭਾਗ ਦੇ ਸਹਿਯੋਗ ਨਾਲ ਅਧਿਕਾਰੀਆਂ ਲਈ ਇੱਕ ਸਿਖਲਾਈ ਪ੍ਰੋਗਰਾਮ ਆਯੋਜਿਤ ਕਰਨ ਦੀ ਪਹਿਲ ਕੀਤੀ ਹੈ। ਸਬੰਧਤ ਵਿਸ਼ੇ 'ਤੇ ਵਿਭਾਗ ਦੇ.

ਅਜਿਹੇ ਸਿਖਲਾਈ ਪ੍ਰੋਗਰਾਮਾਂ ਦੀ ਉਪਯੋਗਤਾ ਦੀ ਸ਼ਲਾਘਾ ਕਰਦੇ ਹੋਏ, ਮੀਨਾ ਨੇ ਕਿਹਾ ਕਿ ਟੈਕਸ ਸੰਗ੍ਰਹਿ ਨੂੰ ਵਧਾਉਣ ਲਈ ਹਰਿਆਣਾ ਨੂੰ ਇਸ ਵਿਸ਼ੇ ਬਾਰੇ ਤਕਨੀਕੀ ਤੌਰ 'ਤੇ ਜਾਗਰੂਕ ਹੋਣਾ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਜੀਐਸਟੀ ਰਾਜ ਦੇ ਮਾਲੀਏ ਵਿੱਚ ਅਹਿਮ ਭੂਮਿਕਾ ਨਿਭਾ ਸਕਦਾ ਹੈ, ਜਿਸ ਲਈ ਇਸ ਦੇ ਸੋਧੇ ਹੋਏ ਕਾਨੂੰਨਾਂ ਦੀਆਂ ਬਾਰੀਕੀਆਂ ਨੂੰ ਜਾਣਨਾ ਜ਼ਰੂਰੀ ਹੈ। ਉਨ੍ਹਾਂ ਅਧਿਕਾਰੀਆਂ ਨੂੰ ਕਿਹਾ ਕਿ ਉਹ ਕਰਜ਼ਾ ਨਾ ਚੁਕਾਉਣ ਵਾਲਿਆਂ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦੇ ਘੇਰੇ ਵਿੱਚ ਲੈ ਕੇ ਨਿਯਮਤ ਟੈਕਸ ਦਾਤਾਵਾਂ ਦਾ ਸਮਰਥਨ ਕਰਦੇ ਰਹਿਣ।

ਇਸ ਮੌਕੇ ਵਿਭਾਗ ਦੇ ਆਬਕਾਰੀ ਤੇ ਕਰ ਵਿਭਾਗ ਦੇ ਵਧੀਕ ਕਮਿਸ਼ਨਰ ਸਿਧਾਰਥ ਜੈਨ ਅਤੇ ਵਿਦਿਆਸਾਗਰ, ਆਈਸੀਏਆਈ ਚੰਡੀਗੜ੍ਹ ਦੇ ਚੇਅਰਮੈਨ ਅਨਿਲ ਕੱਕੜ ਅਤੇ ਸਾਬਕਾ ਚੇਅਰਮੈਨ ਅਤੁਲ ਕੁਮਾਰ ਨੇ ਵੀ ਇਸ ਵਿਸ਼ੇ 'ਤੇ ਚਾਨਣਾ ਪਾਇਆ।

ਆਈਸੀਏਆਈ ਦੇ ਆਯੋਜਕ ਅਤੇ ਕੇਂਦਰੀ ਕੌਂਸਲ ਮੈਂਬਰ ਚਰਨਜੀਤ ਸਿੰਘ ਨੰਦਾ ਨੇ ਕਿਹਾ ਕਿ ਉਹ ਦੇਸ਼ ਦੀ ਆਰਥਿਕ ਤਰੱਕੀ ਵਿੱਚ ਇਸ ਸੈਸ਼ਨ ਦਾ ਆਯੋਜਨ ਕਰਕੇ ਮਾਣ ਮਹਿਸੂਸ ਕਰ ਰਹੇ ਹਨ। ਇਹ 9319 ਦਾ ਪੰਜਵਾਂ ਪ੍ਰੋਗਰਾਮ ਹੈ ਜਿਸ ਦੇ ਤਹਿਤ ਉਨ੍ਹਾਂ ਨੇ ਗੁੜਗਾਉਂ ਵਿੱਚ ਦੋ ਅਤੇ ਕਰਨਾਲ ਅਤੇ ਹਿਸਾਰ ਵਿੱਚ ਇੱਕ-ਇੱਕ ਪ੍ਰੋਗਰਾਮ ਆਯੋਜਿਤ ਕੀਤਾ ਹੈ। ਉਨ੍ਹਾਂ ਕਿਹਾ ਕਿ ਅਧਿਕਾਰੀਆਂ ਦੇ ਕੰਮਕਾਜ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਲਈ ਪ੍ਰੋਗਰਾਮਾਂ ਦੀ ਇਹ ਲੜੀ ਸਫਲ ਸਾਬਤ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਬੈਂਕਿੰਗ, ਰੀਅਲ ਅਸਟੇਟ, ਬੀਮਾ, ਪ੍ਰਾਹੁਣਚਾਰੀ ਅਤੇ ਸੈਰ ਸਪਾਟਾ ਆਦਿ ਵਰਗੇ ਹੋਰ ਖੇਤਰਾਂ ਦੀਆਂ ਕਈ ਧਾਰਨਾਵਾਂ ਨੂੰ ਸਮਝਿਆ ਗਿਆ ਹੈ। ਕਈ ਜ਼ਿਲ੍ਹਿਆਂ ਦੇ ਕਰ ਵਿਭਾਗਾਂ ਨੇ ਇਨ੍ਹਾਂ ਸੈਸ਼ਨਾਂ ਤੋਂ ਪ੍ਰਾਪਤ ਹੋਏ ਤਜ਼ਰਬਿਆਂ ਨੂੰ ਲਾਗੂ ਕਰਨਾ ਸ਼ੁਰੂ ਕਰ ਦਿੱਤਾ ਹੈ।

ਪ੍ਰੋਗਰਾਮ ਦੌਰਾਨ, ਰਾਸ਼ਟਰੀ ਪੱਧਰ ਦੇ ਮਸ਼ਹੂਰ ਟੈਕਸ ਮਾਹਿਰ ਸੀਏ ਅਤੁਲ ਗੁਪਤਾ, ਸੀਏ ਕੀਰਤੀ ਜੋਸ਼ੀ, ਸੀਏ ਵਿਸ਼ਾਲ ਪੋਦਾਰ, ਸੀਏ ਗੌਰਵ ਗੁਪਤਾ ਨੇ ਆਏ ਹੋਏ ਅਧਿਕਾਰੀਆਂ ਨੂੰ ਜੀਐਸਟੀ ਦੀਆਂ ਗੁੰਝਲਦਾਰ ਵਿਵਸਥਾਵਾਂ ਨੂੰ ਸਰਲ ਤਰੀਕੇ ਨਾਲ ਸਮਝਾਇਆ।

# ਵਿਧਾਇਕ ਚੌਧਰੀ ਮਦਨ ਲਾਲ ਬੱਗਾ ਵੱਲੋਂ ਵਾਰਡ ਨੰਬਰ 91 'ਚ ਸੜ੍ਹਕ ਨਿਰਮਾਣ ਕਾਰਜ਼ਾਂ ਦੀ ਸ਼ੁਰੂਆਤ

## ਸੂਬੇ 'ਚ ਆਮ ਆਦਮੀ ਪਾਰਟੀ ਦੀ ਸਰਕਾਰ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ - ਵਿਧਾਇਕ ਚੌਧਰੀ ਮਦਨ ਲਾਲ ਬੱਗਾ

**ਲੁਧਿਆਣਾ/ਸੁਖਚੈਨ ਮਹਿਰਾ**

ਵਿਧਾਨ ਸਭਾ ਹਲਕਾ ਲੁਧਿਆਣਾ ਉੱਤਰੀ ਤੋਂ ਵਿਧਾਇਕ ਚੌਧਰੀ ਮਦਨ ਲਾਲ ਬੱਗਾ ਵੱਲੋਂ ਵਾਰਡ ਨੰਬਰ 91 ਅਧੀਨ ਪ੍ਰੀਤ ਵਿਹਾਰ ਵਿਖੇ ਲੰਮੇ ਸਮੇਂ ਤੋਂ ਖ਼ਸਤਾ ਹਾਲਤ ਪਈਆਂ ਸੜ੍ਹਕਾਂ ਦੇ ਨਿਰਮਾਣ ਕਾਰਜ਼ਾਂ ਦੀ ਸ਼ੁਰੂਆਤ ਕਰਵਾਈ ਗਈ ਜਿਸ 'ਤੇ ਕਰੀਬ 92 ਲੱਖ ਰੁਪਏ ਦੀ ਲਾਗਤ ਆਵੇਗੀ।

ਇਸ ਮੌਕੇ ਉਨ੍ਹਾਂ ਦੇ ਨਾਲ ਸਮੁੱਚੀ ਆਮ ਆਦਮੀ ਟੀਮ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਵੀ ਮੌਜੂਦ ਸਨ।

ਇਸ ਮੌਕੇ ਵਿਧਾਇਕ ਚੌਧਰੀ ਬੱਗਾ ਨੇ ਦੁਹਰਾਇਆ ਕਿ ਉਹ ਹਲਕਾ ਉੱਤਰੀ ਦੇ ਵਸਨੀਕਾਂ ਦੀ ਰਿਣੀ ਹਨ ਅਤੇ ਹੁਣ ਲੋਕਾਂ ਦੀਆਂ ਮੁਸ਼ਕਿਲਾਂ ਨੇੜੇ ਹੋ ਕੇ ਸੁਣੀਆਂ ਜਾਣਗੀਆਂ ਅਤੇ ਜਲਦ ਨਿਪਟਾਰਾ ਵੀ ਕੀਤਾ ਜਾਵੇਗਾ।



ਉਨ੍ਹਾਂ ਅੱਗੇ ਦੱਸਿਆ ਕਿ ਇਲਾਕੇ ਦੇ ਲੋਕ ਪਿਛਲੇ ਕਰੀਬ ਡੇਢ ਦਹਾਕੇ ਤੋਂ ਟੁੱਟੀਆਂ ਸੜ੍ਹਕਾਂ ਤੋਂ ਕਾਫੀ ਪ੍ਰੇਸ਼ਾਨ ਸਨ, ਸੜ੍ਹਕਾਂ ਦੀ ਹਾਲਤ ਬੇਹੱਦ ਤਰਸਯੋਗ ਬਣੀ ਹੋਈ ਹੈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਮੁੱਖ ਸੜ੍ਹਕਾਂ ਦੇ ਨਿਰਮਾਣ ਨਾਲ ਇਲਾਕਾ ਨਿਵਾਸੀਆਂ ਨੂੰ ਰਾਹਤ ਮਿਲੇਗੀ।

ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਪੰਜਾਬ ਸ। ਭਗਵੰਤ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਆਮ ਲੋਕਾਂ ਦੀ ਆਪਣੀ ਸਰਕਾਰ ਹੈ ਅਤੇ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਪਹਿਲ ਦੇ ਆਧਾਰ 'ਤੇ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ।

ਇਸ ਮੌਕੇ ਐਸ.ਡੀ.ਓ. ਵਨੀਤ ਸ਼ਰਮਾ, ਜੇ.ਈ. ਅੰਕੁਸ਼ ਸ਼ਰਮਾ ਤੋਂ ਇਲਾਵਾ ਐਨ.ਕੇ. ਸ਼ਰਮਾ, ਪੁਸ਼ਪਿੰਦਰ ਭਨੋਟ, ਰਵਿੰਦਰ ਸੈਣੀ, ਨਰਿੰਦਰ ਭਾਰਦਵਾਜ, ਬੌਬੀ ਸੈਣੀ, ਰਮੇਸ਼ ਸ਼ੁਕਲਾ, ਦੀਪਕ ਜੈਨ, ਅਸ਼ੋਕ ਸਹਿਗਲ, ਗੋਪਾਲ, ਅਰੁਣ ਵੀ ਮੌਜੂਦ ਵੀ ਸੀ।

# 25 ਜਨਵਰੀ ਨੂੰ ਰਾਸ਼ਟਰੀ ਵੋਟਰ ਦਿਵਸ ਮੌਕੇ ਜ਼ਿਲ੍ਹਾ ਪੱਧਰੀ ਸਮਾਗਮ ਐੱਸ.ਐੱਸ.ਐੱਮ. ਕਾਲਜ ਦੀਨਾਨਗਰ ਵਿਖੇ ਹੋਵੇਗਾ

## ਹਰ ਬੂਥ ਪੱਧਰ ’ਤੇ ਵੀ ਰਾਸ਼ਟਰੀ ਵੋਟਰ ਦਿਵਸ ਸਬੰਧੀ ਕੀਤੇ ਜਾਣਗੇ ਵਿਸ਼ੇਸ਼ ਸਮਾਗਮ

**ਗੁਰਦਾਸਪੁਰ/ਨਵਨੀਤ ਕੁਮਾਰ**

ਭਾਰਤ ਚੋਣ ਕਮਿਸ਼ਨ ਅਤੇ ਮੁੱਖ ਚੋਣ ਅਫ਼ਸਰ ਪੰਜਾਬ ਦੀਆਂ ਹਦਾਇਤਾਂ ਤਹਿਤ 25 ਜਨਵਰੀ 2023 ਨੂੰ 13ਵਾਂ ਰਾਸ਼ਟਰੀ ਵੋਟਰ ਦਿਵਸ ਜ਼ਿਲ੍ਹਾ ਗੁਰਦਾਸਪੁਰ ਵਿੱਚ ਪੂਰੇ ਉਤਸ਼ਾਹ ਨਾਲ ਮਨਾਇਆ ਜਾਵੇਗਾ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਜ਼ਿਲਾ ਚੋਣ ਅਧਿਕਾਰੀ-ਕਮ-ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਦੱਸਿਆ ਕਿ 25 ਜਨਵਰੀ ਨੂੰ ਰਾਸ਼ਟਰੀ ਵੋਟਰ ਦਿਵਸ ਮੌਕੇ ਜ਼ਿਲ੍ਹਾ ਪੱਧਰੀ ਸਮਾਗਮ ਐੱਸ.ਐੱਸ.ਐੱਮ. ਕਾਲਜ ਦੀਨਾਨਗਰ ਵਿਖੇ ਹੋਵੇਗਾ ਜਦਕਿ ਇਸਤੋਂ ਇਲਾਵਾ ਜ਼ਿਲੇ ਦੇ ਸਮੂਹ ਬੂਥਾਂ ਉੱਪਰ ਵੀ ਰਾਸ਼ਟਰੀ ਵੋਟਰ ਦਿਵਸ ਮਨਾਇਆ ਜਾਵੇਗਾ। ਜ਼ਿਲ੍ਹਾ ਚੋਣ ਅਧਿਕਾਰੀ ਨੇ ਦੱਸਿਆ ਕਿ ਭਾਰਤ ਚੋਣ ਕਮਿਸ਼ਨ ਵੱਲੋਂ ਇਸ ਵਾਰ ਰਾਸ਼ਟਰੀ ਵੋਟਰ ਦਿਵਸ ਦਾ ਥੀਮ ‘ਨਥਿੰਗ ਲਾਈਕ ਵੋਟਿੰਗ, ਆਈ ਵੋਟ



ਫਾਰ ਸ਼ਿਓਰ’ ਨਿਸ਼ਚਿਤ ਕੀਤਾ ਗਿਆ ਹੈ। ਇਸਦੇ ਨਾਲ ਹੀ ਚੋਣ ਕਮਿਸ਼ਨ ਵੱਲੋਂ ਉਸ ਦਿਨ ‘ਮੈਂ ਭਾਰਤ ਹੂੰ’ ਗੀਤ ਵੀ ਲਾਂਚ ਕੀਤਾ ਜਾਵੇਗਾ। ਉਨਾਂ ਦੱਸਿਆ ਕਿ ਰਾਸ਼ਟਰੀ ਵੋਟਰ ਦਿਵਸ ਮੌਕੇ ਵੋਟਰਾਂ ਨੂੰ ਵੋਟ ਦੀ ਮਹੱਤਤਾ ਦੱਸਣ ਦੇ ਨਾਲ ਨਵੇਂ ਬਣੇ ਵੋਟਰਾਂ ਨੂੰ ਐਪਿਕ ਕਿੱਟ ਵੀ ਦਿੱਤੀ ਜਾਵੇਗੀ। ਇਸ ਤੋਂ ਇਲਾਵਾ ਲੋਕਤੰਤਰ ਪ੍ਰਣਾਲੀ ਵਿੱਚ ਨਾਗਰਿਕਾਂ/ਵੋਟਰਾਂ ਦੀ ਭਾਗਦਾਰੀ ਨੂੰ ਵਧਾਉਣ ਦੇ ਉਦੇਸ਼ ਨੂੰ ਮੁੱਖ ਰੱਖਦੇ ਹੋਏ ਜ਼ਿਲ੍ਹਾ ਪੱਧਰੀ ਸਮਾਗਮ ਅਤੇ ਬੂਥ ਪੱਧਰੀ ਸਮਾਗਮਾਂ ਵਿੱਚ ਵੋਟਰ ਪ੍ਰਣ ਵੀ ਚੁਕਾਇਆ ਜਾਵੇਗਾ। ਉਨਾਂ ਦੱਸਿਆ ਕਿ ਸਮੂਹ ਸਰਕਾਰੀ ਵਿਭਾਗਾਂ ਦੇ ਅਧਿਕਾਰੀਆਂ /ਕਰਮਚਾਰੀਆਂ ਵੱਲੋਂ ਵੀ ਰਾਸ਼ਟਰੀ ਵੋਟਰ ਦਿਵਸ ਮੌਕੇ 25 ਜਨਵਰੀ 2023 ਨੂੰ ਸਵੇਰੇ 11:00 ਵਜੇ ਵੋਟ ਪ੍ਰਣ ਲਿਆ ਜਾਵੇਗਾ। ਜ਼ਿਲ੍ਹਾ ਚੋਣ ਅਧਿਕਾਰੀ ਨੇ ਅੱਗੇ ਦੱਸਿਆ ਕਿ ਰਾਸ਼ਟਰੀ ਵੋਟਰ ਦਿਵਸ ਮੌਕੇ ਬੈਸਟ ਈ.ਆਰ.ਓ, ਬੈਸਟ ਨੋਡਲ ਅਫ਼ਸਰ (ਸਵੀਪ), ਬੈਸਟ ਸੁਪਰਵਾਈਜਰ ਅਤੇ ਬੈਸਟ ਬੀ.ਐੱਲ.ਓ. ਨੂੰ ਵਿਸ਼ੇਸ਼ ਤੌਰ ’ਤੇ ਸਨਮਾਨਿਤ ਕੀਤਾ ਜਾਵੇਗਾ।

# ਵਿਜੀਲੈਂਸ ਨੇ ਵਿਧਾਇਕ ਪਾਹੜਾ ਦੇ ਘਰ ਤੇ ਸ਼ੋਅਰੂਮ ਦਾ ਇੰਚ - ਇੰਚ ਮਾਪਿਆ

**ਗੁਰਦਾਸਪੁਰ-ਨਵਨੀਤ ਕੁਮਾਰ**

ਕੱਲ ਵਿਜੀਲੈਂਸ ਬਿਊਰੋ ਅੰਮ੍ਰਿਤਸਰ ਵਲੋਂ ਗੁਰਦਾਸਪੁਰ ਹਲਕੇ ਦੇ ਕਾਂਗਰਸੀ ਵਿਧਾਇਕ ਅਤੇ ਕਾਂਗਰਸੀ ਜਿਲ੍ਹਾ ਪ੍ਰਧਾਨ ਬਰਿੰਦਰਮੀਤ ਸਿੰਘ ਪਾਹੜਾ ਦੇ ਘਰ ਪਹਿਲ੍ਹਾਂ ਤੋਂ ਚੱਲ ਰਹੀ ਤਫ਼ਤੀਸ਼ ਦੇ ਚਲਦਿਆਂ ਦਸਤੱਕ ਦਿੱਤੀ। ਟੀਮ ਵੱਲੋਂ ਵਿਧਾਇਕ ਦੀ ਨਵੀਂ ਕੋਠੀ ਅਤੇ ਉਨ੍ਹਾਂ ਦੇ ਸ਼ੋਅਰੂਮ ਦਾ ਮੁਲਾਂਕਣ ਕੀਤਾ ਗਿਆ। ਮੁਲਾਂਕਣ ਲਈ ਚੰਡੀਗੜ੍ਹ ਤੋਂ ਵਿਸ਼ੇਸ਼ ਤੌਰ ‘ਤੇ ਇਕ ਟੀਮ ਪਹੁੰਚੀ ਸੀ, ਜਿਸ ਨੇ ਕੋਠੀ ਅਤੇ ਸ਼ੋਅਰੂਮ ਦੇ ਇਕ-ਇਕ ਇੰਚ ਨੂੰ ਮਾਪਿਆ ਅਤੇ ਇਸ ਦੀ ਸਜਾਵਟ ‘ਤੇ ਖਰਚੇ ਗਏ ਪੈਸੇ ਦਾ ਮੁਲਾਂਕਣ ਕੀਤਾ। ਜ਼ਿਕਰਯੋਗ ਹੈ ਕਿ ਵਿਧਾਇਕ ‘ਤੇ ਆਮਦਨ ਤੋਂ ਵੱਧ ਜਾਇਦਾਦ ਦੀ ਸ਼ਿਕਾਇਤ ਮਿਲਣ ਤੋਂ ਬਾਅਦ ਵਿਜੀਲੈਂਸ ਬਿਊਰੋ ਵੱਲੋਂ ਜਾਂਚ ਸ਼ੁਰੂ ਕੀਤੀ ਹੋਈ ਸੀ। ਹਾਲਾਕਿ ਵਿਧਾਇਕ ਵੱਲੋਂ ਵੀ ਇਸ ਸਬੰਧੀ ਪੂਰਾ ਸਾਥ ਦਿੱਤਾ ਜਾ ਰਿਹਾ ਹੈ ਅਤੇ ਜਾਂਚ ਵਿੱਚ ਬੇਦਾਗ ਨਿਕਲਣ ਦਾ ਦਾਅਵਾ ਕੀਤਾ ਹੋਇਆ ਹੈ। ਸੂਤਰਾਂ ਤੋਂ ਮਿਲੀ ਜਾਣਕਾਰੀ



ਅਨੁਸਾਰ ਟੀਮ ਸਵੇਰੇ ਸਾਢੇ 10 ਵਜੇ ਦੇ ਕਰੀਬ ਗੁਰਦਾਸਪੁਰ ਪੁੱਜੀ ਅਤੇ ਕਰੀਬ 4 ਵਜੇ ਤੱਕ ਉਨ੍ਹਾਂ ਤਿੱਬੜੀ ਰੋਡ ’ਤੇ ਸਥਿਤ ਵਿਧਾਇਕ ਦੀ ਨਵੀਂ ਕੋਠੀ ਅਤੇ ਤਿੱਬੜੀ ਰੋਡ ’ਤੇ ਸਥਿਤ ਸ਼ੋਅਰੂਮ ਦਾ ਜਾਇਜ਼ਾ ਲਿਆ। ਇਸ ਦੀ ਪੁਸ਼ਟੀ ਕਰਦਿਆਂ ਐਸਐਸਪੀ ਵਿਜੀਲੈਂਸ ਬਿਊਰੋ ਅੰਮ੍ਰਿਤਸਰ ਵਰਿੰਦਰ ਕੁਮਾਰ ਨੇ ਦੱਸਿਆ ਕਿ ਇਹ ਕਾਰਵਾਈ ਵਿਭਾਗ ਵੱਲੋਂ ਕੀਤੀ ਜਾ ਰਹੀ ਜਾਂਚ ਕਾਰਨ ਹੋਈ ਹੈ। ਉਨ੍ਹਾਂ ਦੱਸਿਆ ਕਿ ਮੁਲਾਂਕਣ ਲਈ ਚੰਡੀਗੜ੍ਹ ਤੋਂ ਟੀਮ ਆਈ ਹੈ ਅਤੇ ਉਹ ਆਪਣੀ ਰਿਪੋਰਟ ਵਿਜੀਲੈਂਸ ਬਿਊਰੋ ਨੂੰ ਸੌਂਪੇਗੀ। ਉਸ ਨੇ ਦੱਸਿਆ ਕਿ ਸ਼ੋਅਰੂਮ ਅਤੇ ਨਵੇਂ ਘਰ ਵਿੱਚ ਲਗਾਈਆਂ ਗਈਆਂ ਚੀਜ਼ਾਂ ਦੀ ਮਾਪ-ਦੰਡ ਕੀਤੀ ਗਈ ਹੈ।

# ਸ੍ਰੀ ਕਰਤਾਰਪੁਰ ਸਾਹਿਬ ਜੀ ਦੇ ਦਰਸ਼ਨ ਕਰਨ ਜਾ ਰਹੇ ਸ਼ਰਧਾਲੂ ਕੋਲੋਂ ਨਸ਼ੀਲੇ ਪਦਾਰਥ ਬਰਾਮਦ

**ਗੁਰਦਾਸਪੁਰ/ਨਵਨੀਤ ਕੁਮਾਰ**

ਡੇਰਾ ਬਾਬਾ ਨਾਨਕ ਦੀ ਭਾਰਤ-ਪਾਕਿ ਕੌਮਾਂਤਰੀ ਸਰਹੱਦ ਤੇ ਬਣੇ ਕਰਤਾਰਪੁਰ ਪਸੰਜਰ ਟਰਮੀਨਲ ‘ਤੇ ਤਾਇਨਾਤ ਬੀ ਐਸ ਐਫ ਜਵਾਨਾਂ ਵੱਲੋਂ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ (ਪਾਕਿਸਤਾਨ) ਦੇ ਦਰਸ਼ਨ ਕਰਨ ਜਾ ਰਹੇ ਸ਼ਰਧਾਲੂ ਕੋਲੋਂ ਅਫੀਮ ਅਤੇ ਭੁੱਕੀ (ਪੋਸਤ) ਬਰਾਮਦ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਬੀ ਐਸ ਐਫ ਦੇ ਡੀਆਈਜੀ ਨੇ ਦੱਸਿਆ ਕਿ ਬੀਤੇ ਦਿਨ ਨੂੰ ਕਰਤਾਰਪੁਰ ਪਸੰਜਰ ਟਰਮੀਨਲ ‘ਤੇ ਤਾਇਨਾਤ ਬੀਐਸਐਫ ਦੀ 185 ਬਟਾਲੀਅਨ





ਦੇ ਜਵਾਨਾਂ ਵੱਲੋਂ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਜੀ ਦੇ ਦਰਸ਼ਨ ਕਰਨ ਜਾ ਰਹੇ ਸ਼ਰਧਾਲੂ ਦੇ ਨਿੱਜੀ ਬੈਗ ਦੀ ਜਾਂਚ/ਸਕੈਨਿੰਗ ਕੀਤੀ ਗਈ ਅਤੇ ਉਸ ਪਾਸੋ 5 ਗ੍ਰਾਮ ਅਫੀਮ ਅਤੇ 10 ਗ੍ਰਾਮ ਭੁੱਕੀ (ਪੋਸਤ ) ਬਰਾਮਦ ਕੀਤੀ ਗਈ। ਬੀਐੱਸਐੱਫ ਵੱਲੋਂ ਨਸ਼ੇ ਦੀ ਸਮੱਗਰੀ ਸਮੇਤ ਫੜੇ ਨੌਜਵਾਨ ਦੀ ਪਛਾਣ ਕਮਲਜੀਤ ਸਿੰਘ ਪੁੱਤਰ ਹਰਤੇਜ ਸਿੰਘ ਵਾਸੀ ਜੌਹਲਾਂ, ਰਾਏਕੋਟ, ਜਗਰਾਉਂ ਲੁਧਿਆਣਾ ਵਜੋਂ ਹੋਈ। ਬੀਐੱਸਐੱਫ ਵੱਲੋਂ ਫੜੇ ਨੌਜਵਾਨ ਨੂੰ ਪੁਲਿਸ ਥਾਣਾ ਡੇਰਾ ਬਾਬਾ ਨਾਨਕ ਦੇ ਹਵਾਲੇ ਕਰ ਦਿੱਤਾ ਗਿਆ ਹੈ। ਇਸ ਸਬੰਧੀ ਪੁਲਿਸ ਨੇ ਕਿਹਾ ਕਿ ਨੌਜਵਾਨ ਖਿਲਾਫ਼ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ।

WEBSITE : WWW.LOKBANI.COM
lokbani08@gmail.com

# ਜ਼ਿਲ੍ਹਾ ਪੱਧਰੀ ਨੈਸ਼ਨਲ ਵੋਟਰ ਦਿਵਸ ਆਰ ਕੇ ਆਰੀਆ ਕਾਲਜ ਨਵਾਂਸ਼ਹਿਰ ਵਿਖੇ ਮਨਾਇਆ ਜਾਵੇਗਾ-ਮੇਜਰ ਸ਼ਿਵਰਾਜ ਸਿੰਘ ਬੱਲ

## ਐਸ ਡੀ ਐਮ ਨਵਾਂਸ਼ਹਿਰ ਵੱਲੋਂ ਨੈਸ਼ਨਲ ਵੋਟਰ ਦਿਵਸ ਦੀਆਂ ਤਿਆਰੀਆਂ ਲਈ ਮੀਟਿੰਗ

**ਸਹੀਦ ਭਗਤ ਸਿੰਘ ਨਗਰ/ਲੋਕ ਬਾਣੀ**

ਜ਼ਿਲ੍ਹਾ ਪ੍ਰਸ਼ਾਸਨ ਵੱਲੋਂ 25 ਜਨਵਰੀ ਨੂੰ 13ਵੇਂ ਨੈਸ਼ਨਲ ਵੋਟਰ ਦਿਵਸ ਦੇ ਸਬੰਧ 'ਚ ਜ਼ਿਲ੍ਹਾ ਪੱਧਰ ਦਾ ਸਮਾਗਮ ਆਰ ਕੇ ਆਰੀਆ ਕਾਲਜ ਨਵਾਂਸ਼ਹਿਰ ਵਿਖੇ ਸਵੇਰੇ 11 ਵਜੇ ਕੀਤਾ ਜਾਵੇਗਾ।ਇਹ ਜਾਣਕਾਰੀ ਦਿੰਦਿਆਂ ਐਸ ਡੀ ਐਮ ਨਵਾਂਸ਼ਹਿਰ ਮੇਜਰ ਡਾ. ਸ਼ਿਵਰਾਜ ਸਿੰਘ ਬੱਲ ਨੇ ਦੱਸਿਆ ਕਿ ਇਸ ਸਮਾਗਮ ਦੀ ਪ੍ਰਧਾਨਗੀ ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਕਰਨਗੇ। ਉਨ੍ਹਾਂ ਦੱਸਿਆ ਕਿ ਨੈਸ਼ਨਲ ਵੋਟਰ ਦਿਵਸ ਸਾਲ 2011 ਤੋਂ ਦੇਸ਼ ਭਰ 'ਚ ਵੋਟਰਾਂ ਖਾਸ ਕਰ ਨੌਜੁਆਨਾਂ ਨੂੰ ਲੋਕਤੰਤਰਿਕ ਪ੍ਰਕਿਰਿਆ ਦਾ ਹਿੱਸਾ ਬਣਾਉਣ ਲਈ ਸ਼ੁਰੂ ਕੀਤਾ ਗਿਆ ਸੀ,



ਜਿਸ ਦਾ ਨੌਜੁਆਨਾਂ ਨੂੰ ਵੋਟਰ ਵਜੋਂ ਸ਼ਾਮਿਲ ਕਰਨ ਅਤੇ ਉਨ੍ਹਾਂ ਨੂੰ ਲੋਕਤੰਤਰ ਪ੍ਰਤੀ ਜ਼ਿੰਮੇਂਵਾਰੀ ਦਾ ਅਹਿਸਾਸ ਕਰਵਾਉਣ 'ਚ ਵੱਡਾ ਲਾਭ ਹੋਇਆ ਹੈ ਉਨ੍ਹਾਂ ਦੱਸਿਆ ਕਿ ਚੋਣ ਕਮਿਸ਼ਨ ਵੱਲੋਂ ਨੌਜੁਆਨਾਂ ਦੀ ਲੋਕਤੰਤਰ ਪ੍ਰਤੀ ਜਿੰਮੇਂਵਾਰੀ ਨੂੰ ਹੋਰ ਮਜ਼ਬੂਤ ਕਰਨ ਲਈ ਹੁਣ 18 ਸਾਲ ਦੀ ਉਮਰ ਪੂਰੀ ਕਰਨ ਵਾਲੇ ਨੌਜੁਆਨਾਂ ਨੂੰ ਸਾਲ 'ਚ ਚਾਰ ਮੌਕੇ ਆਪਣੀ ਵੋਟ ਬਣਵਾਉਣ ਲਈ ਦਿੱਤੇ ਜਾਂਦੇ ਹਨ। ਇਨ੍ਹਾਂ 'ਚ ਇੱਕ ਜਨਵਰੀ, ਇੱਕ ਅਪਰੈਲ, ਇੱਕ ਜੁਲਾਈ ਅਤੇ ਇੱਕ ਅਕਤੂਬਰ ਸ਼ਾਮਿਲ ਹੈ ਐਸ ਡੀ ਐਮ ਅਨੁਸਾਰ ਇਸ ਨੈਸ਼ਨਲ ਵੋਟਰ ਦਿਵਸ ਮੌਕੇ ਜ਼ਿਲ੍ਹੇ ਭਰ 'ਚ ਪ੍ਰਣ ਲਏ ਜਾਣ ਤੋਂ ਇਲਾਵਾ ਸਮਾਗਮ ਵਾਲੀ ਥਾਂ 'ਤੇ ਸਕਿੱਟ, ਗੀਤ, ਸਭ ਤੋਂ ਵੱਧ ਵੋਟਾਂ ਬਣਾਉਣ ਵਾਲੇ ਬੀ ਐਲ ਓਜ਼, ਸੁਪਰਵਾਈਜ਼ਰ ਤੇ ਮਤਦਾਤਾ ਰਜਿਸਟ ?ਰੇਸ਼ਨ ਅਫ਼ਸਰ ਦਾ ਸਨਮਾਨ ਵੀ ਕੀਤਾ ਜਾਵੇਗਾ।

ਉਪਰੰਤ ਡਿਪਟੀ ਕਮਿਸ਼ਨਰ ਵੱਲੋਂ ਵੋਟਰ ਪ੍ਰਣ ਦਿਵਾਇਆ ਜਾਵੇਗਾ ਅਤੇ ਇਸ ਅਹਿਮ ਦਿਹਾੜੇ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ ਜਾਵੇਗੀ। ਇਸ ਮੌਕੇ ਚੋਣ ਕਮਿਸ਼ਨ ਵੱਲੋਂ ਰਾਸ਼ਟਰ ਪੱਧਰ 'ਤੇ ਸ਼ੁਰੂ ਕੀਤੀ ਜਾਣ ਵਾਲੀ ਜਾਗਰੂਕਤਾ ਮੁਹਿੰਮ ਦਾ ਹਿੱਸਾ ਵੀ ਬਣਿਆ ਜਾਵੇਗਾ।

# ਪਾਵਰ ਪਲਾਂਟ ਦੇ ਘਿਰਾਓ ਲਈ ਨਵਾਂਸ਼ਹਿਰ ਦੇ ਨੌਜਵਾਨ ਪੱਬਾਂ ਭਾਰ



**ਸਹੀਦ ਭਗਤ ਸਿੰਘ ਨਗਰ/ਲੋਕ ਬਾਣੀ**

ਨਵਾਂਸ਼ਹਿਰ ਉੱਤੇ ਜਹਿਰੀਲੀ ਸੁਆਹ ਪਾਉਣ ਵਾਲੇ ਕੋਜੈਨਰੇਸ਼ਨ ਪਾਵਰ ਪਲਾਂਟ ਦੇ ਸ਼ਹਿਰ ਵਾਸੀਆਂ ਵੱਲੋਂ 24 ਜਨਵਰੀ ਨੂੰ ਕੀਤੇ ਜਾ ਰਹੇ ਘਿਰਾਓ ਵਿੱਚ ਸ਼ਾਮਲ ਹੋਣ ਲਈ ਸ਼ਹਿਰ ਦੇ ਨੌਜਵਾਨ ਪੱਬਾਂ ਭਾਰ ਹਨ।ਲੋਕ ਸੰਘਰਸ਼ ਮੰਚ ਵੱਲੋਂ ਸ਼ਹਿਰ ਦੇ ਸ਼ਹੀਦ ਊਧਮ ਸਿੰਘ ਨਗਰ ਵਿਖੇ ਮੀਟਿੰਗ ਕਰਵਾਈ ਗਈ।ਜਿਸ ਵਿੱਚ ਨੌਜਵਾਨਾਂ ਵਲੋਂ ਇਸ ਘਿਰਾਓ ਵਿਚ ਵੱਡੀ ਗਿਣਤੀ'ਚ ਸ਼ਾਮਲ ਹੋਣ ਦਾ ਐਲਾਨ ਕੀਤਾ ਗਿਆ।ਇਸ ਮੌਕੇ ਮੰਚ ਦੇ ਕਨਵੀਨਰ ਜਸਬੀਰ ਦੀਪ,ਪ੍ਰੋ.ਦਿਲਬਾਗ ਸਿੰਘ, ਸਤੀਸ਼ ਕੁਮਾਰ, ਬਲਵੀਰ ਕੁਮਾਰ ਅਤੇ ਜਗਦੀਸ਼ ਕੁਮਾਰ ਨੇ ਵੀ ਵਿਚਾਰ ਪੇਸ਼ ਕੀਤੇ।

# ਬਸੰਤ (ਨਿੱਕੀ ਕਹਾਣੀ)



**ਸਵੇਰੇ** ਦੇ ਸਵੱਖਤੇ ਹੀ ਉੱਠ ਲਾਲਾ ਜੀ ਉਪਰ ਅਸਮਾਨ ਵੱਲ ਤੱਕ ਕੇ ਅਰਦਾਸ ਕਰਨ ਲੱਗੇ ਕਿ ਅੱਜ ਮੌਸਮ ਸਾਫ਼ ਰਹੇ ਤਾਂ ਕਿ ਪਤੰਗ ਬਾਜ਼ੀ ਲਈ ਖਰੀਦ ਕੀਤੇ ਪਤੰਗ ਅਤੇ ਡੋਰ ਸਭ ਵਿਕ ਜਾਣ ਪਰ ਵਾਰ ਵਾਰ ਬੱਦਲਾਂ ਦੀ ਗੜਗੜਾਹਟ ਹਲਕੀ ਹਲਕੀ ਬੂੰਦਾਂ ਬੂੰਦੀ ਸਾਹ ਸੁਕਾਏ ਜਾ ਰਹੀ ਸੀ। ਲਾਲਾ ਜੀ ਨੇ ਜਲਦੀ ਜਲਦੀ ਚਾਹ ਨਾਸ਼ਤਾ ਕੀਤਾ ਤੇ ਮੰਦਰ ਵੱਲ ਨੂੰ ਹੋ ਤੁਰੇ। ਅੱਗੇ ਹਮੇਸ਼ਾ ਸਿਰ ਝੁਕਾ ਕੇ ਅੱਗੇ ਤੁਰ ਪੈਂਦੇ ਸੀ ਪਰ ਅੱਜ ਬੱਦਲਾਂ ਦੀ ਗੜਗੜਾਹਟ ਨਾਲ ਮਨ ਅੰਦਰ ਡਰ ਪੈਦਾ ਹੋ ਰਿਹਾ ਸੀ।ਵਾਰ ਵਾਰ ਮੂੰਹ ਵਿੱਚੋਂ ਰਾਧੇ -ਰਾਧੇ,ਰਾਮ -ਰਾਮ ਉਚਾਰ ਰਿਹਾ ਸੀ।

ਪਰ ਲਾਲਾ ਜੀ ਨੇ ਵੇਖਿਆ ਕਿ ਮੰਦਰ ਵਿੱਚ ਅੱਜ ਪੰਛੀਆਂ ਦੀ ਆਮਦ ਬਹੁਤ ਹੈ। ਲਾਲਾ ਜੀ ਨੇ ਪੁਜਾਰੀ ਨੂੰ ਪੁੱਛਿਆ ਤਾਂ ਪੁਜਾਰੀ ਜੀ ਬੋਲੇ ਆਜ ਬਸੰਤ ਹੈ ਲਗਤਾ ਹੈ ਕਿ ਯੇ ਸਭ ਭਗਵਾਨ ਸੇ ਬਾਰਿਸ਼ ਕਰਨੇ ਕੇ ਲਿਏ ਪ੍ਰਾਥਨਾ ਕਰਨੇ ਆਏ ਹੈਂ। ਤਾਂ ਕਿ ਪਤੰਗ ਬਾਜ਼ੀ ਹੋ ਹੀ ਨਾ ਪਾਏ।ਇਹ ਸੁਣਦਿਆਂ ਹੀ ਲਾਲਾ ਜੀ ਉਲਝਣ ਵਿੱਚ ਪੈ ਗਏ ਕਿ ਭਗਵਾਨ ਮੇਰੀ ਸੁਣੂ ਜਾਂ ਪੰਛੀਆਂ ਦੀ।ਏਸੇ ਉਲਝਣ ਤਾਣੀਂ ਵਿੱਚ ਕਦੋਂ ਜ਼ੋਰ ਦੀ ਬਾਰਿਸ਼ ਸ਼ੁਰੂ ਹੋ ਗਈ ਲਾਲਾ ਜੀ ਨੂੰ ਪਤਾ ਹੀ ਨਾ ਲੱਗਿਆ।

**-ਰਣਬੀਰ ਸਿੰਘ ਪ੍ਰਿੰਸ**
**ਸ਼ਾਹਪੁਰ ਕਲਾਂ ਆ.ਫਸਰ ਕਾਲੋਨੀ**
**ਸੰਗਰੂਰ**

# ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਸਕੱਤਰ ਕਮਲਦੀਪ ਸਿੰਘ ਧਾਲੀਵਾਲ ਵੱਲੋਂ ਸ. ਤਾਰਾ ਸਿੰਘ ਕਾਹਮਾ ਰੈੱਡ ਕਰਾਸ ਸਕੂਲ ਫ਼ਾਰ ਸਪੈਸ਼ਲ ਚਿਲਡਰਨ ਦੌਰਾ

**ਸਹੀਦ ਭਗਤ ਸਿੰਘ ਨਗਰ/ਲੋਕ ਬਾਣੀ**

ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸ਼ਹੀਦ ਭਗਤ ਸਿੰਘ ਨਗਰ ਸ. ਕੰਵਲਜੀਤ ਸਿੰਘ ਬਾਜਵਾ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਸ. ਕਮਲਦੀਪ ਸਿੰਘ ਧਾਲੀਵਾਲ, ਸੀ. ਜੇ. ਐਮ.-ਕਮ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਅੱਜ ਸ. ਤਾਰਾ ਸਿੰਘ ਕਾਹਮਾ ਰੈੱਡ ਕਰਾਸ ਸਕੂਲ ਫ਼ਾਰ ਸਪੈਸ਼ਲ ਚਿਲਡਰਨ, ਨਵਾਂਸ਼ਹਿਰ ਦਾ ਦੌਰਾ ਕੀਤਾ ਗਿਆ।ਇਸ ਮੌਕੇ ਸੀ. ਜੇ. ਐਮ.-ਕਮ-ਸਕੱਤਰ ਵਲੋਂ ਸਕੂਲ ਦੇ ਪਿ ?ਰੰਸੀਪਲ ਅਤੇ ਬੱਚਿਆਂ ਨਾਲ ਗੱਲਬਾਤ ਕੀਤੀ ਗਈ। ਇਸ ਤੋ ਇਲਾਵਾ ਪਿ ?ਰੰਸੀਪਲ ਪਾਸੋਂ ਬੱਚਿਆਂ ਨੂੰ ਮਿਲ ਰਹੀਆਂ ਸਹੂਲਤਾਂ ਬਾਰੇ ਪੁੱਛਿਆ ਗਿਆ ਅਤੇ ਸਕੂਲ ਦੇ ਬੱਚਿਆਂ ਨੂੰ ਪੜ੍ਹਾਉਣ ਸਬੰਧੀ ਆ ਰਹੀਆ ਸਮੱਸਿਆਵਾਂ ਸੁਣੀਆਂ ਗਈਆਂ ਅਤੇ ਹੱਲ ਕਰਨ ਦਾ ਭਰੋਸਾ ਦਿੱਤਾ ਗਿਆ। ਸਮੁੱਚੇ ਰੂਪ ਵਿੱਚ ਉਨ੍ਹਾਂ ਵਲੋਂ ਸ. ਤਾਰਾ ਸਿੰਘ ਕਾਹਮਾ ਰੈੱਡ ਕਰਾਸ ਸਕੂਲ ਵੱਲੋਂ ਵਿਸ਼ੇਸ਼ ਜ਼ਰੂਰਤਾਂ ਵਾਲੇ ਬੱਚਿਆਂ ਨੂੰ ਪੜ੍ਹਾਉਣ, ਖੇਡ ਤੇ ਹੋਰ ਮੁਕਾਬਲਿਆਂ 'ਚ ਹਿੱਸਾ ਲੈਣ ਲਈ ਉਤਸ਼ਾਹਿਤ ਕਰਨ ਦੀ ਪ੍ਰਸ਼ੰਸਾ ਕੀਤੀ ਗਈ। ਇਸ ਮੌਕੇ ਪਿ ?ਰੰਸੀਪਲ ਮੈਡਮ ਲਕਸ਼ਮੀ ਦੇਵੀ, ਸਮੂਹ ਸਟਾਫ ਮੈਂਬਰ ਅਤੇ ਡੀ ਐਲ ਐਸ ਏ ਦਫ਼ਤਰ ਤੋਂ ਰੋਹਿਤ ਕੁਮਾਰ ਅਤੇ ਨਿਰਮਲ ਸਿੰਘ ਹਾਜ਼ਿਰ ਸਨ।



# ਆਈ ਟੀ ਆਈ ਗਰਾਊਂਡ ਵਿਖੇ ਗਣਤੰਤਰ ਦਿਹਾੜਾ ਮਨਾਉਣ ਲਈ ਰੀਹਰਸਲਾਂ ਹੋਈਆਂ

## ਮੰਗਲਵਾਰ 24 ਜਨਵਰੀ ਨੂੰ ਹੋਵੇਗੀ ਫੁੱਲ ਡਰੈਸ ਰੀਹਰਸਲ



**ਸ਼ਹੀਦ ਭਗਤ ਸਿੰਘ ਨਗਰ/ਲੋਕ ਬਾਣੀ**

ਜ਼ਿਲ੍ਹਾ ਪੱਧਰੀ ਗਣਤੰਤਰ ਦਿਹਾੜਾ ਮਨਾਉਣ ਲਈ ਸਥਾਨਕ ਆਈ ਟੀ ਆਈ ਸਟੇਡੀਅਮ ਵਿਖੇ ਅੱਜ ਜ਼ਿਲ੍ਹਾ ਪੁਲਿਸ ਅਤੇ ਸਕੂਲੀ ਵਿਦਿਆਰਥੀਆਂ ਵੱਲੋਂ ਰੀਹਰਸਲਾਂ ਕੀਤੀਆਂ ਗਈਆਂ।ਇਸ ਬਾਰੇ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਸਿਖਿਆ ਅਫ਼ਸਰ ਡਾ. ਕੁਲਤਰਨ ਸਿੰਘ ਨੇ ਦੱਸਿਆ ਕਿ 74ਵੇਂ ਗਣਤੰਤਰ ਦਿਵਸ ਜ਼ਿਲ੍ਹਾ ਪੱਧਰੀ ਸਮਾਗਮ ਦੀ ਭਲਕੇ 24 ਜਨਵਰੀ ਨੂੰ ਹੋਣ ਵਾਲੀ ਫੁੱਲ ਡਰੈੱਸ ਰੀਹਰਸਲ ਦੇ ਸਬੰਧ 'ਚ ਅੱਜ ਆਈ ਟੀ ਆਈ ਗਰਾਊਂਡ ਵਿਖੇ ਵੱਖ-ਵੱਖ ਸਕੂਲਾਂ ਦੀਆਂ ਟੀਮਾਂ ਵੱਲੋਂ ਆਪਣੀਆਂ ਪੇਸ਼ਕਾਰੀਆਂ ਦਿਖਾਈਆਂ ਗਈਆਂ।ਉਨ੍ਹਾਂ ਦੱਸਿਆ ਕਿ ਪਰੇਡ, ਪੀ ਟੀ ਸ਼ੋਅ ਅਤੇ ਸਭਿਆਚਾਰਕ ਪ੍ਰੋਗਰਾਮ ਵਿੱਚ 25 ਸਕੂਲਾਂ ਦੇ ਵਿਦਿਆਰਥੀ ਭਾਗ ਲੈ ਰਹੇ ਹਨ, ਜਿਨ੍ਹਾਂ ਦੀ ਗਿਣਤੀ 2 ਹਜ਼ਾਰ ਦੇ ਕਰੀਬ ਹੋਵੇਗੀ।ਉਨ੍ਹਾਂ ਦੱਸਿਆ ਕਿ ਸਭਿਆਚਾਰਕ ਪੇਸ਼ਕਾਰੀਆਂ 'ਚ ਸੇਂਟ ਸੋਲਜਰ ਸਕੂਲ ਕੁਲਾਮ, ਸੇਂਟ ਜੋਜ਼ਫ਼ ਕਾਨਵੈਂਟ ਸਕੂਲ ਮੱਲਪੁਰ ਅੜਕਾਂ, ਸਰਕਾਰੀ ਪ੍ਰਾਇਮਰੀ ਸਕੂਲ ਮੁਕੰਦਪੁਰ, ਸਕਾਲਰ ਪਬਲਿਕ ਸਕੂਲ ਜਾਡਲਾ, ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਰਾਹੋਂ, ਗੁਰੂ ਰਾਮ ਦਾਸ ਇੰਟਰਨੈਸ਼ਨਲ ਪਬਲਿਕ ਸਕੂਲ ਮੱਲਪੁਰ, ਨਿਊ ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਸੜੋਆ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨਵਾਂਸ਼ਹਿਰ, ਸ਼ਿਵਾਲਿਕ ਪਬਲਿਕ ਸਕੂਲ ਨਵਾਂਸ਼ਹਿਰ ਦੇ ਵਿਦਿਆਰਥੀ ਭਾਗ ਲੈ ਰਹੇ ਹਨ। ਇਨ੍ਹਾਂ ਪੇਸ਼ਕਾਰੀਆਂ ਦੀ ਜਿੰਮੇਵਾਰੀ ਜਸਵੀਰ ਸਿੰਘ ਬੈਂਸ ਡੀ ਐਮ (ਖੇਡਾਂ), ਨਵਦੀਪ ਸਿੰਘ ਡੀ ਪੀ ਈ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲਧਾਣਾ ਝਿੱਕਾ ਤੇ ਅਮਨਦੀਪ ਕੰਪਿਊਟਰ ਫੈਕਲਿਟੀ ਸਰਕਾਰੀ ਹਾਈ ਸਕੂਲ ਸੈਦਪੁਰ ਕਲਾਂ ਨੂੰ ਸੌਂਪੀ ਗਈ ਹੈ।ਪੀ ਟੀ ਸ਼ੋਅ 'ਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਔੜ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਹਿਆਲਾ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਰੀਹਾ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨਵਾਂਸ਼ਹਿਰ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੰਗੜੋਆ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਜਾਡਲਾ, ਬੱਬਰ ਕਰਮ ਸਿੰਘ ਮੈਮੋਰੀਅਲ ਸੀਨੀਅਰ ਸੈਕੰਡਰੀ ਸਕੂਲ ਦੌਲਤਪੁਰ, ਸ਼ਿਵਾਲਿਕ ਪਬਲਿਕ ਸਕੂਲ ਨਵਾਂਸ਼ਹਿਰ ਅਤੇ ਦੋਆਬਾ ਸਿੱਖ ਨੈਸ਼ਨਲ ਸਕੂਲ ਨਵਾਂਸ਼ਹਿਰ ਭਾਗ ਲੈ ਰਹੇ ਹਨ। ਇਨ੍ਹਾਂ ਦੀ ਤਿਆਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਰੀਹਾ ਦੇ ਲੈਕਚਰਾਰ ਸਰੀਰਕ ਸਿਖਿਆ ਬਲਦੇਵ ਰਾਜ ਸਾਥੀ ਅਧਿਆਪਕਾਂ ਨਾਲ ਕਰਵਾ ਰਹੇ ਹਨ।ਇਸ ਤੋਂ ਇਲਾਵਾ ਪਰੇਡ 'ਚ ਸ਼ਾਮਿਲ ਹੋਣ ਵਾਲੇ ਸਕੂਲਾਂ 'ਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਰਾਹੋਂ, ਗਰਲ ਗਾਈਡਜ਼ ਜਵਾਹਰ ਵਿਦਿਆਲਿਆ ਪੋਜੇਵਾਲ, ਕਿ ?ਰਪਾਲ ਸਾਗਰ ਅਕੈਡਮੀ ਰਾਹੋਂ ਤੇ ਪ੍ਰਕਾਸ਼ ਮਾਡਲ ਸਕੂਲ ਨਵਾਂਸ਼ਹਿਰ ਤੋਂ ਇਲਾਵਾ ਕੇ ਸੀ ਪਬਲਿਕ ਸਕੂਲ ਦਾ ਸਕੂਲ ਬੈਂਡ ਸ਼ਾਮਿਲ ਹਨ।ਆਈ ਟੀ ਆਈ ਗਰਾਊਂਡ, ਜ਼ਿਲ੍ਹਾ ਪ੍ਰਸ਼ਾਸਕੀ ਕੰਪਲੈਕਸ ਅਤੇ ਡੀ ਸੀ ਰਿਹਾਇਸ਼ ਵਿਖੇ ਰਾਸ਼ਟਰੀ ਗਾਇਨ ਲਈ ਗੁਰੂ ਰਾਮਦਾਸ ਇੰਟਰਨੈਸ਼ਨਲ ਪਬਲਿਕ ਸਕੂਲ ਮੱਲਪੁਰ, ਸੇਂਟ ਜੋਜ਼ਫ਼ ਕਾਨਵੈਂਟ ਸਕੂਲ ਮੱਲਪੁਰ ਅੜਕਾਂ ਅਤੇ ਸ਼ਿਵਾਲਿਕ ਪਬਲਿਕ ਸਕੂਲ ਨਵਾਂਸ਼ਹਿਰ ਦੀ ਡਿਊਟੀ ਲਾਈ ਗਈ ਹੈ।ਉਨ੍ਹਾਂ ਦੱਸਿਆ ਕਿ ਅੱਜ ਆਈ ਟੀ ਆਈ ਵਿਖੇ ਇਨ੍ਹਾ ਸਾਰੇ ਵਿਦਿਆਰਥੀਆਂ ਦੀ ਹਰ ਪੇਸ਼ਕਾਰੀ ਦੀ ਮੁਕੰਮਲ ਰੀਹਰਸਲ ਕਰਵਾਉਣ ਉਪਰੰਤ ਉਨ੍ਹਾਂ 'ਚ ਨਜ਼ਰ ਆਈਆਂ ਖਾਮੀਆਂ ਨੂੰ ਮੌਕੇ 'ਤੇ ਹੀ ਦੁਬਾਰਾ ਰੀਹਸਰਲ ਕਰਵਾ ਕੇ ਦੂਰ ਕੀਤਾ ਗਿਆ।ਇਸ ਮੌਕੇ ਮੌਜੂਦ ਜ਼ਿਲ੍ਹਾ ਪੁਲਿਸ ਦੇ ਚੀਫ਼ ਡਿ ?ਰਲ ਇੰਟ ?ਰੱਕਟਰ ਏ ਐਸ ਆਈ ਕਮਲ ਰਾਜ ਨੇ ਦੱਸਿਆ ਕਿ ਸਮੁੱਚੀ ਪਰੇਡ ਦੀ ਅਗਵਾਈ ਡੀ ਐਸ ਪੀ (ਜਾਂਚ) ਹਰਸ਼ਪ੍ਰੀਤ ਸਿੰਘ ਕਰਨਗੇ ਜਦਕਿ ਪਰੇਡ 'ਚ ਸ਼ਾਮਿਲ ਪੁਲਿਸ ਟੁਕੜੀਆਂ ਦੀ ਅਗਵਾਈ ਕ੍ਰਮਵਾਰ ਏ ਐਸ ਆਈ ਸਰਬਜੀਤ ਸਿੰਘ, ਸਬ ਇੰਸਪੈਕਟਰ ਗੁਰਵਿੰਦਰ ਸਿੰਘ, ਏ ਐਸ ਆਈ ਅਮਰਜੀਤ ਕੌਰ ਕਰ ਰਹੇ ਹਨ।ਵਧੀਕ ਡਿਪਟੀ ਕਮਿਸ਼ਨਰ (ਜ) ਰਾਜੀਵ ਵਰਮਾ ਨੇ ਦੱਸਿਆ ਕਿ ਕਲ੍ਹ ਫੁੱਲ ਡਰੈੱਸ ਰੀਹਰਸਲ ਦਾ ਜਾਇਜ਼ਾ ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਅਤੇ ਐਸ ਐਸ ਪੀ ਭਾਗੀਰਥ ਸਿੰਘ ਮੀਣਾ ਲੈਣਗੇ।ਇਸ ਮੌਕੇ ਡਿਪਟੀ ਡੀ ਈ ਓ ਰਾਜੇਸ਼ ਕੁਮਾਰ ਤੇ ਇੰਸਪੈਕਟਰ ਰਘਵੀਰ ਸਿੰਘ ਤੋਂ ਇਲਾਵਾ ਸਮਾਗਮ 'ਚ ਭਾਗ ਲੈ ਰਹੇ ਸਕੂਲਾਂ ਦੇ ਅਧਿਆਪਕ ਵੀ ਮੌਜੂਦ ਸਨ।

# ਜਲੰਧਰ ਛਾਉਣੀ 'ਚ ਕਾਂਗਰਸ, BJP ਅਤੇ ਅਕਾਲੀ ਦਲ ਨੂੰ ਕਰਾਰਾ ਝੱਟਕਾ, ਦਰਜਨਾਂ ਆਗੂ 'ਆਪ' 'ਚ ਹੋਏ ਸ਼ਾਮਿਲ





**ਜਲੰਧਰ/ਰਾਕੇਸ਼ ਵਰਮਾ**

ਨਗਰ ਨਿਗਮ ਚੋਣਾਂ ਤੋਂ ਪਹਿਲਾਂ ਅੱਜ ਕਾਂਗਰਸ, ਭਾਜਪਾ ਅਤੇ ਅਕਾਲੀ ਦਲ ਨੂੰ ਉਸ ਸਮੇਂ ਵੱਡਾ ਝਟਕਾ ਲੱਗਾ, ਜਦੋਂ ਸੀਨੀਅਰ ਕਾਂਗਰਸੀ ਆਗੂ ਕਾਕੂ ਆਹਲੂਵਾਲੀਆ, ਕਾਂਗਰਸ ਦੇ ਸਾਬਕਾ ਜ਼ਿਲਾ ਪ੍ਰਧਾਨ ਨਰਵੈਲ ਸਿੰਘ ਕੰਗ (ਸਾਬਕਾ ਜਿਲਾ ਪਰਿਸ਼ਦ ਮੈਂਬਰ ਹਨ), ਮੌਜੂਦਾ ਸਰਪੰਚ ਸੁਖਵਿੰਦਰ ਸਿੰਘ ਸੁੱਖਾ, ਅਮਰੀਕ ਬਾਗੜੀ , ਪਰਮਜੀਤ ਕੌਰ, ਰਾਜੇਸ਼ ਜੀ, ਕਰਣ ਮੱਲੀ, ਸਕੱਤਰ ਪੰਜਾਬ ਕਾਂਗਰਸ ਵਿਜੇ ਥਾਪਰ , ਭਾਜਪਾ ਦੇ ਸੀਨੀਅਰ ਨੇਤਾ ਮਨਜਿੰਦਰ ਸਿੰਘ ਚੱਠਾ, ਭਾਜਪਾ NRI ਵਿੰਗ ਜਲੰਧਰ ਦੇ ਪ੍ਰਧਾਨ ਅਤੇ ਮੌਜੂਦਾ ਜਿਲਾ ਸੈਕਟਰੀ ਸੌਦਾਗਰ ਸਿੰਘ ਔਜਲਾ, ਸਾਬਕਾ ਕੌਂਸਲਰ ਵਿੱਕੀ ਤੁਲਸੀ, ਪਰਵੀਨ ਪਹਿਲਵਾਨ, ਰਾਜਿੰਦਰ ਸ਼ੇਖਰ, ਗੋਪੀ ਚੰਦ ਗੁਲਾਟੀ, ਅਕਾਲੀ ਦਲ ਦੇ ਬੰਟੀ ਬਾਜਵਾ, ਲੱਕੀ ਓਬਰਾਏ ਆਮ ਆਦਮੀ ਪਾਰਟੀ 'ਚ ਸ਼ਾਮਿਲ ਹੋ ਗਏ।

ਸਰਕਟ ਹਾਊਸ ਜਲੰਧਰ ਵਿੱਚ ਲੋਕਲ ਬਾਡੀਜ਼ ਮੰਤਰੀ ਇੰਦਰਬੀਰ ਸਿੰਘ ਨਿੱਝਰ ਦੀ ਹਾਜ਼ਰੀ ਵਿਚ ਅੱਜ ਵਿਧਾਇਕ ਰਮਨ ਅਰੋੜਾ, ਵਿਧਾਇਕ ਸ਼ੀਤਲ ਅੰਗੁਲ, ਸਪੋਰਟਸ ਵਿੰਗ ਪੰਜਾਬ ਦੇ ਪ੍ਰਧਾਨ ਉਲੰਪੀਅਨ ਸੁਰਿੰਦਰ ਸਿੰਘ ਸੋਢੀ, ਰਾਜਵਿੰਦਰ ਕੌਰ ਅਤੇ ਦਿਨੇਸ਼ ਢੱਲ ਨੇ ਇਹਨਾਂ ਆਗੂਆਂ ਨੂੰ ਆਮ ਆਦਮੀ ਪਾਰਟੀ ਵਿਚ ਸ਼ਾਮਲ ਕਰਵਾਇਆ, ਜਿਨਾਂ ਨੂੰ ਲੋਕਲ ਬਾਡੀਜ਼ ਮੰਤਰੀ ਇੰਦਰਬੀਰ ਸਿੰਘ ਨਿੱਝਰ ਨੇ ਸਿਰੋਪੇ ਪਾ ਕੇ ਸਨਮਾਨਿਤ ਕੀਤਾ। ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋਏ ਇਹਨਾਂ ਆਗੂਆਂ ਨੇ ਪਾਰਟੀ ਹਾਈਕਮਾਨ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਉਹਨਾਂ ਨੇ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਦੀਆਂ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਇਹ ਫੈਸਲਾ ਲਿਆ ਹੈ ਅਤੇ ਉਹ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋਏ ਹਨ। ਉਨਾਂ ਕਿਹਾ ਕਿ ਆਮ ਆਦਮੀ ਪਾਰਟੀ ਵੱਲੋਂ ਪੰਜਾਬ ਦੀ ਸੱਤਾ ਸੰਭਾਲਣ ਤੋਂ ਬਾਅਦ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਇਕ-ਇਕ ਕਰ ਕੇ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਕਰਨੇ ਸ਼ੁਰੂ ਕਰ ਦਿੱਤੇ ਹਨ। ਉਨਾਂ ਕਿਹਾ ਕਿ ਪਹਿਲਾਂ ਲੋਕਾਂ ਨੂੰ 600 ਯੂਨਿਟ ਮੁਫਤ ਬਿਜਲੀ ਦੇਣ ਦਾ ਵਾਅਦਾ ਪੂਰਾ ਕੀਤਾ ਗਿਆ ਅਤੇ ਉਸ ਤੋਂ ਬਾਅਦ ਆਮ ਆਦਮੀ ਕਲੀਨਿਕ ਖੋਲ ਕੇ ਜਨਤਾ ਨੂੰ ਵੱਡੀ ਸੌਗਾਤ ਦਿੱਤੀ ਗਈ। ਉਹਨਾਂ ਕਿਹਾ ਕਿ ਆਮ ਆਦਮੀ ਪਾਰਟੀ ਆਣ ਵਾਲੀਆਂ ਨਗਰ ਨਿਗਮ ਚੋਣਾਂ ਵਿੱਚ ਭਾਰੀ ਬਹੁਮਤ ਨਾਲ ਜਿੱਤ ਪ੍ਰਾਪਤ ਕਰੇਗੀ।

# ਸੋਸ਼ਲ ਮੀਡੀਆ ਮੁੱਖ ਮੀਡੀਆ ਦੀ ਭੂਮਿਕਾ ਨਿਭਾ ਰਿਹਾ ਹੈ



ਵਿਜੈ ਗਰਗ
ਰਿਟਾਇਰਡ ਪ੍ਰਿੰਸੀਪਲ ਐਜੂਕੇਸ਼ਨਲ ਕਾਲਮਨਵੀਸ ਮਲੋਟ ਪੰਜਾਬ

ਸੋਸ਼ਲ ਮੀਡੀਆ ਵਰਗਾ ਪ੍ਰਗਟਾਵੇ ਦਾ ਮਾਧਿਅਮ ਨਾ ਸਿਰਫ਼ ਮੁੱਖ ਮੀਡੀਆ ਨੂੰ ਸ਼ੀਸ਼ਾ ਦਿਖਾ ਰਿਹਾ ਹੈ, ਸਗੋਂ ਸਮਾਜ ਨੂੰ ਜਾਗਰੂਕ ਅਤੇ ਸਸ਼ਕਤ ਵੀ ਬਣਾ ਰਿਹਾ ਹੈ। ਪਰ ਮੇਨ ਸਟ ?ਰੀਮ ਮੀਡੀਆ ਨੂੰ ਅਸਲੀ ਰੂਪ ਵਿੱਚ ਆਉਣਾ ਪਵੇਗਾ। ਉਸ ਨੂੰ ਆਪਣੇ ਰਾਸ਼ਟਰੀ ਧਰਮ ਅਤੇ ਸਮਾਜਕ ਧਰਮ ਦੇ ਉਦੇਸ਼ਾਂ 'ਤੇ ਚੱਲ ਕੇ ਆਪਣੀ ਯੋਗਤਾ ਦੁਬਾਰਾ ਸਾਬਤ ਕਰਨੀ ਪਵੇਗੀ। ਭਾਰਤ ਦੇ ਸੰਵਿਧਾਨ ਦੇ ਅਨੁਛੇਦ 19(1) ਤਹਿਤ ਹਰ ਨਾਗਰਿਕ ਨੂੰ ਪ੍ਰਗਟਾਵੇ ਦੀ ਆਜ਼ਾਦੀ ਦਿੱਤੀ ਗਈ ਹੈ। ਪ੍ਰਗਟਾਵੇ ਦੀ ਆਜ਼ਾਦੀ ਭਾਵਹਰ ਨਾਗਰਿਕ ਨੂੰ ਆਪਣੀਆਂ ਭਾਵਨਾਵਾਂ ਅਤੇ ਵਿਚਾਰ ਪ੍ਰਗਟ ਕਰਨ ਦਾ ਅਧਿਕਾਰ ਹੈ। ਇਸ ਤਹਿਤ ਕੋਈ ਵੀ ਵਿਅਕਤੀ ਸਿਰਫ਼ ਵਿਚਾਰਾਂ ਦਾ ਹੀ ਪ੍ਰਚਾਰ ਨਹੀਂ ਕਰ ਸਕਦਾ; ਸਗੋਂ ਕਿਸੇ ਵੀ ਕਿਸਮ ਦੀ ਜਾਣਕਾਰੀ ਦਾ ਆਦਾਨ-ਪ੍ਰਦਾਨ ਕਰਨ ਦਾ ਅਧਿਕਾਰ ਰਾਖਵਾਂ ਰੱਖਦਾ ਹੈ। ਕੋਈ ਸਮਾਂ ਸੀ ਜਦੋਂ ਲੋਕ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਜਾਂ ਜਾਣਕਾਰੀ ਲਈ ਸਿਰਫ਼ ਅਖ਼ਬਾਰਾਂ ਅਤੇ ਰਸਾਲਿਆਂ ਜਾਂ ਸਰਕਾਰੀ ਏਜੰਸੀਆਂ 'ਤੇ ਨਿਰਭਰ ਰਹਿੰਦੇ ਸਨ। ਟੀ.ਵੀ. ਚੈਨਲਾਂ 'ਤੇ ਖ਼ਬਰਾਂ ਸੁਣਨ ਲਈ ਲੋਕਾਂ ਦੀ ਭੀੜ ਲੱਗ ਗਈ ਅਤੇ ਭਰੋਸੇਯੋਗਤਾ ਇੰਨੀ ਜ਼ਿਆਦਾ ਸੀ ਕਿ ਜੇਕਰ ਤੁਸੀਂ ਕਿਸੇ ਵੀ ਅਖਬਾਰ ਜਾਂ ਚੈਨਲ 'ਤੇ ਕੋਈ ਖ਼ਬਰ ਜਾਂ ਜਾਣਕਾਰੀ ਸੁਣਦੇ ਜਾਂ ਪੜ੍ਹਦੇ ਹੋ, ਤਾਂ ਉਸ ਨੂੰ ਅੱਖਾਂ ਬੰਦ ਕਰਕੇ ਲਓ।ਸੀ ਮੰਨਦੇ ਸਨ। ਪਰ ਸਮੇਂ ਦੇ ਬਦਲਦੇ ਸਮੇਂ ਅਤੇ ਮੰਗਾਂ ਨੇ ਤਬਦੀਲੀ ਨੂੰ ਸਭ ਤੋਂ ਉੱਤਮ ਮੰਨਿਆ ਹੈ। ਅੱਜ ਹਰ ਵਿਅਕਤੀ ਮੀਡੀਆ ਦਾ ਕੰਮ ਕਰ ਰਿਹਾ ਹੈ। ਮੌਜੂਦਾ ਸੋਸ਼ਲ ਮੀਡੀਆ ਸੂਚਨਾ ਕ੍ਰਾਂਤੀ ਵਿੱਚ ਇਨਕਲਾਬੀ ਤਬਦੀਲੀ ਦਾ ਇੱਕ ਵੱਡਾ ਹਿੱਸਾ ਹੈ। ਇਸ ਦੀ ਵਰਤੋਂ ਨੇ ਹਰ ਮਨੁੱਖ ਨੂੰ ਸੂਚਨਾ ਪ੍ਰਣਾਲੀ ਨਾਲ ਜੋੜਿਆ ਹੈ। ਅੱਜ ਹਰ ਵਿਅਕਤੀ ਆਪਣੀ ਗੱਲ ਕਿਸੇ ਵੀ ਸਮੇਂ ਕਿਸੇ ਵੀ ਰੂਪ ਵਿੱਚ ਪ੍ਰਗਟ ਕਰ ਸਕਦਾ ਹੈ। 21ਵੀਂ ਸਦੀ ਵਿੱਚ ਕੰਪਿਊਟਰ ਮਨੁੱਖ ਦਾ ਇੱਕ ਜ਼ਰੂਰੀ ਸਾਧਨ ਬਣ ਗਿਆ ਹੈ ਅਤੇ ਇੰਟਰਨੈੱਟ ਨੈੱਟਵਰਕ ਦੁਨੀਆ ਭਰ ਵਿੱਚ ਫੈਲ ਗਿਆ ਹੈ। ਅਜਿਹੀ ਸਥਿਤੀ ਵਿੱਚ ਵੱਖ-ਵੱਖ ਦੇਸ਼ਾਂ/ਖੇਤਰਾਂ ਦੇ ਲੋਕਾਂ ਵਿਚਕਾਰ ਗੱਲਬਾਤ ਹੋਣੀ ਚਾਹੀਦੀ ਹੈ।ਲਈ ਇੱਕ ਪਲੇਟਫਾਰਮ ਵਜੋਂ ਅੱਜ ਸੋਸ਼ਲ ਮੀਡੀਆ ਸਭ ਤੋਂ ਮਹੱਤਵਪੂਰਨ ਭੂਮਿਕਾ ਨਿਭਾ ਰਿਹਾ ਹੈ ਕਈ ਪਲੇਟਫਾਰਮ ਜਿਵੇਂ ਕਿ ਫੇਸਬੁੱਕ, ਵਟਸਐਪ, ਟਵਿੱਟਰ, ਇੰਸਟਾਗ੍ਰਾਮ, ਯੂਟਿਊਬ ਅਤੇ ਸੋਸ਼ਲ ਸਾਈਟਸ ਜਾਣਕਾਰੀ ਜਾਂ ਸੰਪਰਕ ਦੇ ਸਾਧਨ ਹਨ। ਅੱਜ ਉਹ ਲੋਕਾਂ ਦੇ ਵਿਚਾਰਾਂ ਦੇ ਆਜ਼ਾਦ ਪ੍ਰਗਟਾਵੇ ਲਈ ਜਾਣੇ ਜਾਂਦੇ ਹਨ। ਦਰਅਸਲ, ਸੋਸ਼ਲ ਮੀਡੀਆ ਅੱਜ ਦੁਨੀਆਂ ਵਿੱਚ ਲੋਕਤੰਤਰ ਦਾ ਅਸਲੀ ਸਮਾਨਾਰਥੀ ਬਣ ਗਿਆ ਹੈ। ਅੱਜ ਸਰਕਾਰਾਂ ਵੀ ਆਪਣੀਆਂ ਯੋਜਨਾਵਾਂ ਨੂੰ ਲੋਕਾਂ ਤੱਕ ਪਹੁੰਚਾਉਣ, ਜਨਤਾ ਨਾਲ ਸਿੱਧਾ ਸੰਪਰਕ ਸਥਾਪਤ ਕਰਨ ਅਤੇ ਲੋਕਾਂ ਦੀ ਰਾਏ ਜਾਣਨ ਲਈ ਸੋਸ਼ਲ ਮੀਡੀਆ ਦੀ ਵਰਤੋਂ ਕਰ ਰਹੀਆਂ ਹਨ। ਲੋਕ ਵੱਖ-ਵੱਖ ਗਰੁੱਪਾਂ ਰਾਹੀਂ ਸਰਕਾਰ ਨੂੰ ਕੰਟਰੋਲ ਕਰਦੇ ਹਨ ਉਨ੍ਹਾਂ ਨੇ ਨੀਤੀਆਂ, ਫੈਸਲਿਆਂ 'ਤੇ ਬਹਿਸ ਕਰਨੀ ਸ਼ੁਰੂ ਕਰ ਦਿੱਤੀ ਹੈ ਜੋ ਲੋਕਤੰਤਰ ਦਾ ਜ਼ਰੂਰੀ ਤੱਤ ਹੈ। ਸੋਸ਼ਲ ਮੀਡੀਆ ਅੱਜ ਇੱਕ ਅਜਿਹਾ ਪਲੇਟਫਾਰਮ ਹੈ ਜਿੱਥੇ ਆਮ ਨਾਗਰਿਕ ਬਿਨਾਂ ਕਿਸੇ ਪਾਬੰਦੀ ਦੇ ਆਪਣੇ ਵਿਚਾਰ ਪ੍ਰਗਟ ਕਰਦੇ ਹਨ ਅਤੇ ਕਰੋੜਾਂ ਲੋਕ ਉਨ੍ਹਾਂ ਵਿਚਾਰਾਂ ਨੂੰ ਪੜ੍ਹਦੇ, ਸੁਣਦੇ ਅਤੇ ਪ੍ਰਭਾਵਿਤ ਹੁੰਦੇ ਹਨ। ਦਰਅਸਲ, ਅੱਜ ਸੋਸ਼ਲ ਮੀਡੀਆ ਵਿਅਕਤੀ ਦੀ ਜ਼ਿੰਦਗੀ ਦਾ ਅਨਿੱਖੜਵਾਂ ਅੰਗ ਬਣ ਗਿਆ ਹੈ। ਮੌਜੂਦਾ ਮੋਦੀ ਸਰਕਾਰ ਡਿਜੀਟਲ ਇੰਡੀਆ ਬਣਾਉਣ 'ਤੇ ਜ਼ੋਰ ਦੇ ਰਹੀ ਹੈ ਤਾਂ ਜੋ ਹਰ ਕੰਮ 'ਚ ਪਾਰਦਰਸ਼ਤਾ ਹੋਵੇ। ਇੱਕ ਸਮਾਂ ਸੀ ਜਦੋਂ ਮੁੱਖ ਮੀਡੀਆ ਵੱਲੋਂ ਕਹੀ ਗਈ ਗੱਲ ਨੂੰ ਅਟੱਲ ਸੱਚ ਮੰਨਿਆ ਜਾਂਦਾ ਸੀ ਅਤੇ ਮੀਡੀਆ ਨੇ ਵੀ ਆਪਣੀ ਜ਼ਿੰਮੇਵਾਰੀ ਬਾਖੂਬੀ ਨਿਭਾਈ।ਜਿਸ 'ਤੇ ਜਨਤਾ ਨੇ ਤੁਰੰਤ ਵਿਸ਼ਵਾਸ ਕੀਤਾ ਅਤੇ ਇਸ ਨੂੰ ਲਾਗੂ ਕੀਤਾ। ਪਰ ਹੌਲੀ-ਹੌਲੀ ਮੀਡੀਆ ਆਪਣਾ ਅਸਲੀ ਅਕਸ ਗੁਆ ਬੈਠਾ ਹੈ। ਖ਼ਬਰਾਂ ਦੀ ਸੱਚਾਈ 'ਤੇ ਸ਼ੱਕ ਹੋਣ ਲੱਗਾ ਹੈ। ਸੋਸ਼ਲ ਮੀਡੀਆ ਦੀ ਵਧਦੀ ਵਰਤੋਂ ਨਾਲ ਹੁਣ ਹਰ ਵਿਅਕਤੀ ਆਪਣੀ ਸਮਝ ਅਨੁਸਾਰ ਸੱਚਾਈ ਦਾ ਮੁਲਾਂਕਣ ਕਰਦਾ ਨਜ਼ਰ ਆ ਰਿਹਾ ਹੈ। ਕਿਸੇ ਸਮੇਂ ਮੀਡੀਆ ਸਮਾਜ ਅਤੇ ਦੇਸ਼ ਦੀ ਅਗਵਾਈ ਕਰਨ ਵਾਲੇ ਲੋਕਾਂ ਲਈ ਮਾਰਗ ਦਰਸ਼ਕ ਦਾ ਕੰਮ ਕਰਦਾ ਸੀ। ਜਿਸ ਦਾ ਸਮਾਜ 'ਤੇ ਵੀ ਸਾਕਾਰਾਤਮਕ ਪ੍ਰਭਾਵ ਪਿਆ ਅਤੇ ਸਰਕਾਰਾਂ ਨੇ ਵੀ ਆਪਣੇ ਸਹੀ-ਗਲਤ ਫੈਸਲਿਆਂ ਦਾ ਮੁਲਾਂਕਣ ਕਰਕੇ ਸੁਧਾਰ ਵੱਲ ਕੰਮ ਕੀਤਾ। ਮੀਡੀਆ ਦਾ ਅਰਥ ਹੈ ਮਾਧਿਅਮ ਜੋ1 ਬਹੁਤ ਸਾਰੇ ਲੋਕਾਂ ਨੂੰ ਜਾਣਕਾਰੀ ਭੇਜਣ ਦਾ ਕੰਮ ਕਰਦਾ ਹੈ। ਹਰ ਸੂਚਨਾ ਜੋ ਆਮ ਆਦਮੀ ਦੀ ਪਹੁੰਚ ਤੋਂ ਦੂਰ ਹੈ, ਹਰ ਖਬਰ ਜਾਂ ਸੂਚਨਾ ਆਮ ਆਦਮੀ ਤੱਕ ਪਹੁੰਚਦੀ ਹੈ। ਚਾਹੇ ਉਹ ਸਿੱਖਿਆ, ਸਿਹਤ, ਮਨੋਰੰਜਨ ਜਾਂ ਕੋਈ ਵੀ ਦੁਰਘਟਨਾ ਘਟਨਾ ਹੋਵੇ ਜਿਸਦਾ ਜਨਤਾ ਨਾਲ ਸਿੱਧਾ ਸਬੰਧ ਹੋਵੇ ਜਾਂ ਜਨਤਾ ਨੂੰ ਉਸਦੀ ਅਸਲੀਅਤ ਤੋਂ ਜਾਣੂ ਕਰਵਾਉਣਾ ਹੋਵੇ। ਖ਼ਬਰਾਂ ਨੂੰ ਬਾਹਰਮੁਖੀ ਢੰਗ ਨਾਲ ਪੇਸ਼ ਕਰਨਾ ਮੀਡੀਆ ਦਾ ਧਰਮ ਦੇ ਨਾਲ-ਨਾਲ ਮੁੱਖ ਫਰਜ਼ ਵੀ ਰਿਹਾ ਹੈ। ਇਹ ਸੰਚਾਰ ਦਾ ਇੱਕ ਸਰਲ ਅਤੇ ਕੁਸ਼ਲ ਮਾਧਿਅਮ ਹੈ। ਮੀਡੀਆ ਕੌਮ ਨੂੰ ਸੇਧ ਦੇਣ ਦੇ ਨਾਲ-ਨਾਲ ਜ਼ਮੀਰ ਦੀ ਰਾਖੀ ਵੀ ਕਰਦਾ ਹੈ। ਇਹ ਦੇਸ਼ ਦੀ ਸੁਰੱਖਿਆ ਅਤੇ ਸਮਾਜਿਕ ਚਿੰਤਾਵਾਂ ਲਈ ਹੈ।ਲਈ ਵੀ ਜ਼ਿੰਮੇਵਾਰ ਹੈ ਇਸੇ ਲਈ ਮੀਡੀਆ ਨੂੰ ਸਮੇਂ ਦੇ ਨਾਲ ਦੇਸ਼ ਦਾ ਚੌਥਾ ਥੰਮ ਕਿਹਾ ਜਾਂਦਾ ਰਿਹਾ ਹੈ ਅਤੇ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਦੇਸ਼ ਨੂੰ ਗੁਲਾਮੀ ਦੀਆਂ ਜੰਜੀਰਾਂ ਤੋਂ ਮੁਕਤ ਕਰਵਾਉਣ ਵਿੱਚ ਮੀਡੀਆ ਨੇ ਆਪਣਾ ਬਣਦਾ ਰੋਲ ਅਦਾ ਕੀਤਾ ਹੈ ਅਤੇ ਆਜ਼ਾਦ ਭਾਰਤ ਦੀਆਂ ਸਰਕਾਰਾਂ ਦੀ ਨੀਤੀ ਅਤੇ ਕਿਸਮਤ ਨੂੰ ਬੇਨਕਾਬ ਕੀਤਾ ਹੈ। ਜਨਤਾ ਨੂੰ ਬਾਹਰਮੁਖੀ ਤੌਰ 'ਤੇ, ਕੌਮ ਅਤੇ ਸਮਾਜ ਦੇ ਧਰਮ ਨੂੰ ਪੂਰਾ ਕਰਨ ਵਿਚ ਕੋਈ ਕਮੀ ਹੋਣੀ ਚਾਹੀਦੀ ਹੈ. ਮੀਡੀਆ ਜਗਤ ਵਿੱਚ ਇੱਕ ਸ਼ਾਇਰ ਦੀ ਪੰਗਤੀ ਬਹੁਤ ਮਸ਼ਹੂਰ ਹੈ, ਜੋ ਕਿਸੇ ਸਮੇਂ ਸੱਚ ਵੀ ਸਾਬਤ ਹੋਈ ਸੀ, 'ਖਿਚੋ ਨਾ ਕਮਾਂ ਕੋ, ਨਾ ਤਲਵਾਰ ਨਿਕਲੋ'। ਜਦੋਂ ਤੋਪ ਦਾ ਮੁਕਾਬਲਾ ਹੋਵੇ ਤਾਂ ਅਖਬਾਰ ਕੱਢ ਲਿਆਓ।" ਪਰ ਕਿਉਂਕਿ ਮੀਡੀਆ ਪ੍ਰਭਾਵਸ਼ਾਲੀ ਲੋਕਾਂ ਦਾ ਦਬਦਬਾ ਹੈ ਅਤੇਅਤੇ ਜਦੋਂ ਤੋਂ ਹਾਕਮਾਂ ਦੀ ਦਖ਼ਲਅੰਦਾਜ਼ੀ ਸ਼ੁਰੂ ਹੋਈ ਹੈ, ਖ਼ਬਰ ਨੂੰ ਪੇਸ਼ ਕਰਨ ਦੇ ਢੰਗ ਅਤੇ ਇਸ ਦੀ ਨਿਰਪੱਖਤਾ 'ਤੇ ਸਵਾਲ ਉੱਠਣੇ ਸ਼ੁਰੂ ਹੋ ਗਏ ਹਨ, ਜਿਸ ਨਾਲ ਉਕਤ ਪੰਗਤੀ ਦੇ ਅਰਥ ਹੀ ਬਦਲ ਗਏ ਹਨ। ਵਰਤਮਾਨ ਵਿੱਚ, ਸੋਸ਼ਲ ਮੀਡੀਆ ਮੁੱਖ ਮੀਡੀਆ ਨਾਲੋਂ, ਬਿਨਾਂ ਦੇਰੀ ਅਤੇ ਨਿਰਪੱਖਤਾ ਨਾਲ ਵਧੀਆ ਕੰਮ ਕਰ ਰਿਹਾ ਹੈ। ਸਭ ਕੁਝ ਥੋੜ੍ਹੇ ਸਮੇਂ ਵਿੱਚ ਲੋਕਾਂ ਲਈ ਉਪਲਬਧ ਹੋ ਜਾਂਦਾ ਹੈ। ਚਾਹੇ ਉਹ ਸਮਾਜ ਦੀ ਕਿਸੇ ਵੀ ਜਨਤਕ ਮੁਹਿੰਮ ਬਾਰੇ ਹੋਵੇ ਜਾਂ ਕੋਈ ਖ਼ਬਰ। ਚਾਹੇ ਉਹ ਸਮਾਜ ਵਿੱਚ ਹੋ ਰਹੇ ਕਿਸੇ ਵੀ ਤਰ੍ਹਾਂ ਦੇ ਅੱਤਿਆਚਾਰਾਂ ਦੀ ਗੱਲ ਹੋਵੇ ਜਾਂ ਕਿਸੇ ਦੇ ਇਨਸਾਫ਼ ਲਈ ਆਵਾਜ਼ ਉਠਾਉਣ ਦਾ ਸਾਧਨ ਹੋਵੇ। ਅੱਜ ਸੋਸ਼ਲ ਮੀਡੀਆ ਹਰ ਵਿਅਕਤੀ ਦੀ ਆਵਾਜ਼ ਹੈ। ਲੋਕਉਹ ਹਰ ਸਮੇਂ ਅਪਡੇਟ ਰਹਿੰਦੇ ਹਨ, ਉਹ ਸਹੀ ਅਤੇ ਗਲਤ ਦਾ ਫੈਸਲਾ ਵੀ ਕਰਦੇ ਹਨ. ਪਰ ਅਜੋਕੇ ਸੰਦਰਭ ਵਿੱਚ ਮੁੱਖ ਧਾਰਾ ਮੀਡੀਆ ਦੀ ਭੂਮਿਕਾ ਸ਼ੰਕਿਆਂ ਵਿੱਚ ਘਿਰੀ ਪ੍ਰਤੀਤ ਹੁੰਦੀ ਹੈ। ਪ੍ਰਿੰਟ ਮੀਡੀਆ ਹੋਵੇ ਜਾਂ ਇਲੈਕਟ ?ਰਾਨਿਕ, ਦੋਵੇਂ ਹੀ ਬਦਲਦੇ ਮਾਹੌਲ ਵਿੱਚ ਨਜ਼ਰ ਆਉਂਦੇ ਹਨ। ਕਈ ਵਾਰ ਖ਼ਬਰਾਂ ਦੀ ਨਿਰਪੱਖਤਾ ਨਾਲ ਦੂਰ-ਦੁਰਾਡੇ ਤੋਂ ਕੋਈ ਸਬੰਧ ਦਿਖਾਈ ਨਹੀਂ ਦਿੰਦਾ। ਗਲੈਮਰ ਅਤੇ ਗਲੈਮਰਸ ਦੀ ਦੁਨੀਆ ਵਿਚ ਮੀਡੀਆ ਦੀ ਨਿਰਪੱਖਤਾ 'ਤੇ ਵੀ ਸਵਾਲ ਉਠਾਏ ਜਾ ਰਹੇ ਹਨ ਪਰ ਮੌਜੂਦਾ ਸਮੇਂ ਵਿਚ ਆਧੁਨਿਕ ਭਾਰਤ ਦਾ ਸੋਸ਼ਲ ਮੀਡੀਆ ਮੁੱਖ ਧਾਰਾ ਮੀਡੀਆ ਨੂੰ ਸ਼ੀਸ਼ਾ ਦਿਖਾ ਰਿਹਾ ਹੈ। ਸੋਸ਼ਲ ਮੀਡੀਆ ਹਰ ਮਨੁੱਖ ਦੇ ਪ੍ਰਗਟਾਵੇ ਦਾ ਮੁੱਖ ਮਾਧਿਅਮ ਬਣ ਗਿਆ ਹੈ।ਇਹ ਇੱਕ ਅਜਿਹੀ ਦੌੜ ਹੈ ਜਿਸ ਵਿੱਚ ਮੁੱਖ ਧਾਰਾ ਮੀਡੀਆ ਕਈ ਮੀਲ ਪਿੱਛੇ ਨਜ਼ਰ ਆਉਂਦਾ ਹੈ। ਮੌਜੂਦਾ ਸਮੇਂ ਵਿੱਚ ਸਾਡੇ ਦੇਸ਼ ਦੀ ਪੱਤਰਕਾਰੀ ਦੇ ਇਤਿਹਾਸ, ਇਸ ਦੇ ਸਰੂਪ ਵਿੱਚ ਆਈਆਂ ਤਬਦੀਲੀਆਂ ਅਤੇ ਕਦਰਾਂ-ਕੀਮਤਾਂ ਦੇ ਨਿਘਾਰ ਦੇ ਹਾਲਾਤਾਂ ਨੂੰ ਦੇਖਦਿਆਂ ਲੱਗਦਾ ਹੈ ਕਿ ਹੁਣ ਪੱਤਰਕਾਰੀ ਸਿਰਫ਼ ਵਪਾਰ ਦਾ ਸਾਧਨ ਰਹਿ ਗਈ ਹੈ। ਪ੍ਰਭਾਵਸ਼ਾਲੀ ਦੇ ਵਧਦੇ ਪ੍ਰਭਾਵ ਨੇ ਮੀਡੀਆ ਦੀ ਨਿਰਪੱਖ ਭੂਮਿਕਾ 'ਤੇ ਸਵਾਲੀਆ ਨਿਸ਼ਾਨ ਲਗਾ ਦਿੱਤਾ ਹੈ। ਲੋਕਾਂ ਦਾ ਮੁੱਖ ਮੀਡੀਆ ਤੋਂ ਵਿਸ਼ਵਾਸ ਟੁੱਟਣਾ ਸ਼ੁਰੂ ਹੋ ਗਿਆ। ਪਰ ਅਸਲ ਵਿੱਚ ਆਧੁਨਿਕ ਸੋਸ਼ਲ ਮੀਡੀਆ ਮੀਡੀਆ ਦੀ ਭੂਮਿਕਾ ਨਿਭਾ ਰਿਹਾ ਹੈ ਜਿਸ ਵਿੱਚ ਹਰ ਵਿਅਕਤੀ ਪੱਤਰਕਾਰ ਅਤੇ ਸੰਪਾਦਕ ਹੈ। ਮੁੱਖ ਧਾਰਾ ਮੀਡੀਆ ਵਿੱਚ ਰਾਜਨੀਤੀ ਦੇ ਪ੍ਰਭਾਵ ਅਤੇਪ੍ਰਭਾਵਸ਼ਾਲੀ ਲੋਕਾਂ ਦੇ ਵਧਦੇ ਪ੍ਰਭਾਵ ਨੇ ਇਸ ਦੀ ਭਰੋਸੇਯੋਗਤਾ ਨੂੰ ਢਾਹ ਲਾਈ ਹੈ। ਜਿਵੇਂ-ਜਿਵੇਂ ਸਿਆਸਤ ਬਦਲਦੀ ਗਈ, ਤਿਵੇਂ-ਤਿਵੇਂ ਮੀਡੀਆ ਦਾ ਸੁਭਾਅ ਅਤੇ ਸੁਭਾਅ ਵੀ ਬਦਲਦਾ ਗਿਆ। ਮੀਡੀਆ ਜਿੱਥੇ ਇੱਕ ਪਾਸੇ ਇੱਕ ਚੰਗੇ ਸਮਾਜ, ਲੋਕਪ੍ਰਿਯ ਸਰਕਾਰ ਦੀ ਉਸਾਰੀ ਅਤੇ ਸੰਚਾਲਨ ਵਿੱਚ ਸਾਕਾਰਾਤਮਕ ਭੂਮਿਕਾ ਨਿਭਾਉਂਦਾ ਹੈ, ਉੱਥੇ ਇਹ ਗਲਤੀਆਂ ਵੱਲ ਉਂਗਲ ਉਠਾਉਣ ਦਾ ਵੀ ਕੰਮ ਕਰਦਾ ਹੈ। ਜਦੋਂ ਮੀਡੀਆ ਅਤੇ ਪੱਤਰਕਾਰੀ ਦੀ ਗੱਲ ਕਰੀਏ ਅਤੇ ਵਰਤਮਾਨ ਸੰਦਰਭ ਨਾਲ ਤੁਲਨਾ ਕਰੀਏ ਤਾਂ ਇਤਿਹਾਸ ਦੇ ਪੰਨਿਆਂ 'ਤੇ ਝਾਤ ਮਾਰਨੀ ਸੁਭਾਵਿਕ ਹੈ। ਜਦੋਂ ਦੇਸ਼ ਗੁਲਾਮੀ ਦੀਆਂ ਜੰਜੀਰਾਂ ਵਿੱਚ ਜਕੜਿਆ ਹੋਇਆ ਸੀ ਅਤੇ ਦੇਸ਼ ਦੀ ਆਮ ਜਨਤਾ ਇਸ ਤੱਥ ਤੋਂ ਅਣਜਾਣ ਸੀ।ਇਨ੍ਹਾਂ ਬੰਧਨਾਂ ਤੋਂ ਕਿਵੇਂ ਛੁਟਕਾਰਾ ਪਾਇਆ ਜਾਵੇ? ਉਦੋਂ ਲੋਕਾਂ ਨੂੰ ਉਨ੍ਹਾਂ ਦੇ ਗੁਆਚੇ ਵਿਰਸੇ ਅਤੇ ਉਨ੍ਹਾਂ ਦੀ ਜ਼ਮੀਰ ਨੂੰ ਜਗਾਉਣ ਲਈ ਸਿਰਫ਼ ਇੱਕ ਮਾਧਿਅਮ ਵਰਤਿਆ ਜਾਂਦਾ ਸੀ ਅਤੇ ਉਹ ਮਾਧਿਅਮ ਸਿਰਫ਼ ਅਖ਼ਬਾਰ-ਰਸਾਲੇ ਭਾਵ ਮੀਡੀਆ ਸੀ। ਛੋਟੀਆਂ-ਛੋਟੀਆਂ ਅਖਬਾਰਾਂ ਨੇ ਗੁਲਾਮ ਦੇਸ਼ ਦੇ ਅਣਗਿਣਤ ਲੋਕਾਂ ਦੇ ਮਨਾਂ ਵਿੱਚ ਆਜ਼ਾਦੀ ਦੀ ਲਾਟ ਦੇ ਬੀਜ ਪੁੰਗਰ ਦਿੱਤੇ। ਦੇਸ਼ ਦੇ ਕ੍ਰਾਂਤੀਕਾਰੀਆਂ ਨੇ ਉਨ੍ਹਾਂ ਨੂੰ ਆਜ਼ਾਦੀ ਲਈ ਆਪਣਾ ਮਾਧਿਅਮ ਬਣਾਇਆ। ਦੇਸ਼ ਦੀ ਆਜ਼ਾਦੀ ਦੀ ਲਹਿਰ ਦੌਰਾਨ ਪੱਤਰਕਾਰੀ ਇੱਕ ਮਿਸ਼ਨ ਵਜੋਂ ਕੰਮ ਕਰ ਰਹੀ ਸੀ। ਗਣੇਸ਼ ਸ਼ੰਕਰ ਵਿਦਿਆਰਥੀ, ਬਾਬੂਰਾਓ ਵਿਸ਼ਨੂੰ ਪਰਾਡਕਰ ਅਤੇ ਖੁਦ ਮਹਾਤਮਾਗਾਂਧੀ ਤੱਕ ਅਣਗਿਣਤ ਪੱਤਰਕਾਰ ਇਸ ਕਿੱਤੇ ਵਿੱਚ ਸਿਰਫ਼ ਇਸ ਲਈ ਸਨ ਕਿਉਂਕਿ ਉਹ ਇਸ ਪੇਸ਼ੇ ਵਿੱਚ ਸਨ ਜਾਂ ਉਨ੍ਹਾਂ ਨੂੰ ਇਸ ਕਿੱਤੇ ਨਾਲ ਪਿਆਰ ਸੀ। ਕਿਉਂਕਿ ਉਹ ਮਹਿਸੂਸ ਕਰਦੇ ਸਨ ਕਿ ਆਜ਼ਾਦੀ ਦੇ ਸੰਘਰਸ਼ ਨੂੰ ਜਗਾਉਣ ਅਤੇ ਇਸ ਨੂੰ ਲੋਕਾਂ ਤੱਕ ਲਿਜਾਣ ਦਾ ਕੰਮ ਪੱਤਰਕਾਰੀ ਰਾਹੀਂ ਹੀ ਕੀਤਾ ਜਾ ਸਕਦਾ ਹੈ। ਇਹੀ ਕਾਰਨ ਸੀ ਕਿ ਹਰ ਅੰਦੋਲਨਕਾਰੀ ਕਿਤੇ ਨਾ ਕਿਤੇ ਪੱਤਰਕਾਰ ਵਜੋਂ ਕੰਮ ਕਰਦਾ ਸੀ। ਸ਼ਹੀਦ ਭਗਤ ਸਿੰਘ ਹੋਵੇ ਜਾਂ ਵੀਰ ਸਾਵਰਕਰ, ਬਹੁਤ ਸਾਰੇ ਨੌਜਵਾਨ ਕ੍ਰਾਂਤੀਕਾਰੀਆਂ ਨੇ ਆਪਣੀ ਕਲਮ ਰਾਹੀਂ ਕਿਸੇ ਨਾ ਕਿਸੇ ਢੰਗ ਨਾਲ ਘੋਸ਼ਣਾ ਕੀਤੀ ਹੈ ਜਾਂ ਕਵਿਤਾਵਾਂ ਲਿਖੀਆਂ ਹਨ, ਉਨ੍ਹਾਂ ਸਾਰਿਆਂ ਨੇ ਪੱਤਰਕਾਰੀ ਨੂੰ ਆਜ਼ਾਦੀ ਦੀ ਲਹਿਰ ਦਾ ਹਥਿਆਰ ਬਣਾਇਆ ਸੀ।, 'ਹਰੀਜਨ' ਸਮੇਤ ਹਜ਼ਾਰਾਂ ਅਜਿਹੇ ਪੱਤਰਾਂ ਦਾ ਜ਼ਿਕਰ ਹੈ ਜੋ ਹਿੰਦੀ ਅਤੇ ਹੋਰ ਭਾਰਤੀ ਭਾਸ਼ਾਵਾਂ ਵਿਚ ਅੰਗਰੇਜ਼ ਹਕੂਮਤ ਵਿਰੁੱਧ ਦੇਸ਼ ਵਿਆਪੀ ਮਾਹੌਲ ਪੈਦਾ ਕਰਦੇ ਸਨ। ਪੱਤਰਕਾਰੀ ਦਾ ਇਹ ਮਿਸ਼ਨ ਆਜ਼ਾਦੀ ਤੋਂ ਬਾਅਦ ਵੀ ਉਸੇ ਲੜਾਕੂ ਭਾਵਨਾ ਨਾਲ ਜਾਰੀ ਰਿਹਾ। ਤਾਕਤਵਰ ਮੰਤਰੀ ਹੋਵੇ ਜਾਂ ਪ੍ਰਧਾਨ ਮੰਤਰੀ, ਕਲਮ ਦੇ ਵਕੀਲਾਂ ਨੇ ਆਪਣੀ ਅਸਲੀਅਤ ਨੂੰ ਨਿਰਪੱਖਤਾ ਨਾਲ ਉਜਾਗਰ ਕੀਤਾ ਹੈ। ਘਪਲੇ ਦੀ ਗੱਲ ਹੋਵੇ ਜਾਂ ਦੇਸ਼ ਦੀ ਸੁਰੱਖਿਆ ਨਾਲ ਜੁੜਿਆ ਕੋਈ ਵੀ ਮੁੱਦਾ, ਪੱਤਰਕਾਰਾਂ ਨੇ ਕਦੇ ਵੀ ਸਿਰ ਨਹੀਂ ਝੁਕਾਇਆ। ਇੰਦਰਾ ਗਾਂਧੀ ਦੀ ਅਗਵਾਈ ਵਿੱਚ 1977 ਵਿੱਚ ਲਗਾਈ ਗਈ ਐਮਰਜੈਂਸੀ ਲੋਕਤੰਤਰ ਦੇ ਪੰਨਿਆਂ ਵਿੱਚ ਇੱਕ ਕਾਲਾ ਇਤਿਹਾਸ ਹੈ। ਇਹ ਇਹਇਸ ਗੱਲ ਦਾ ਵੀ ਪ੍ਰਤੀਕ ਹੈ ਕਿ ਕਲਾਮਕਾਰਾਂ ਨੇ ਕਦੇ ਵੀ ਹਾਕਮਾਂ ਅੱਗੇ ਸਿਰ ਨਹੀਂ ਝੁਕਾਇਆ। ਐਮਰਜੈਂਸੀ ਦੇ ਵਿਰੋਧ ਵਿੱਚ ਸੰਪਾਦਕਾਂ ਨੇ ਸੰਪਾਦਕੀ ਕਾਲਮ ਖਾਲੀ ਛੱਡ ਕੇ ਵਿਰੋਧ ਕਰਨ ਦੀ ਹਿੰਮਤ ਕਰਕੇ ਲੋਕਾਂ ਦੀ ਆਵਾਜ਼ ਬੁਲੰਦ ਕੀਤੀ। ਅਜੋਕੇ ਸੰਦਰਭ ਵਿੱਚ ਜਦੋਂ ਅਸੀਂ ਮੀਡੀਆ ਦੀ ਭੂਮਿਕਾ ਦਾ ਪਤਾ ਲਗਾਉਣ ਲਈ ਨਿਕਲਦੇ ਹਾਂ ਤਾਂ ਕਿਸੇ ਵੀ ਤਰ੍ਹਾਂ ਦੇ ਨਕਾਰਾਤਮਕ ਜਾਂ ਸਕਾਰਾਤਮਕ ਸਿੱਟੇ 'ਤੇ ਪਹੁੰਚਣ ਲਈ ਬਹੁਤ ਮਿਹਨਤ ਕਰਨੀ ਪੈਂਦੀ ਹੈ। ਨਾ ਤਾਂ ਮੀਡੀਆ ਦੀ ਪ੍ਰਸ਼ੰਸਾ ਕੀਤੀ ਜਾਂਦੀ ਹੈ ਅਤੇ ਨਾ ਹੀ ਮੀਡੀਆ ਦੀ ਬਿਨਾਂ ਵਜ ?ਹਾ ਆਲੋਚਨਾ ਕੀਤੀ ਜਾ ਸਕਦੀ ਹੈ। ਮੀਡੀਆ ਜਗਤ ਸਿਰਫ਼ ਪੱਤਰਕਾਰਾਂ ਦੇ ਚੁੰਗਲ ਵਿੱਚ ਹੀ ਨਹੀਂ ਸਗੋਂ ਵਪਾਰੀਆਂ ਅਤੇ ਸਿਆਸਤਦਾਨਾਂ ਦੇ ਚੁੰਗਲ ਵਿੱਚ ਵੀ ਹੈ।ਫਸ ਗਿਆ, ਜਿਸ ਨੂੰ 'ਜਦੋਂ ਚਾਹੇ ਜਿੱਥੇ ਚਾਹੇ' ਮੋੜ ਦਿੱਤਾ ਜਾਂਦਾ ਹੈ। ਹਕੀਕਤ ਅਤੇ ਹਕੀਕਤ ਤੋਂ ਦੂਰ ਮੀਡੀਆ ਕਾਲਪਨਿਕ ਘਟਨਾਵਾਂ ਅਤੇ ਆਪਣੇ ਨਿੱਜੀ ਹਿੱਤਾਂ ਤੱਕ ਸੀਮਤ ਹੋ ਗਿਆ, ਜਿਸ ਨੂੰ ਰਾਸ਼ਟਰਵਾਦ ਦੀ ਪਰਿਭਾਸ਼ਾ ਵਿੱਚ ਜੋੜਨਾ ਅਸੰਭਵ ਹੈ। ਆਧੁਨਿਕਤਾ ਅਤੇ ਵਿਸ਼ਵੀਕਰਨ ਦੇ ਇਸ ਯੁੱਗ ਵਿੱਚ ਇਹ ਅਖ਼ਬਾਰ ਅਤੇ ਨਾਮੀ ਨਿਊਜ਼ ਚੈਨਲ ਪੇਂਡੂ ਮਾਹੌਲ ਤੋਂ ਕੋਈ ਲਾਭ ਉਠਾਉਣ ਦੇ ਯੋਗ ਨਹੀਂ ਹਨ, ਇਸ ਲਈ ਇਨ੍ਹਾਂ ਦਾ ਖ਼ਬਰਾਂ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਮੀਡੀਆ ਹੌਲੀ-ਹੌਲੀ ਸਮਾਜਿਕ ਸਰੋਕਾਰਾਂ ਤੋਂ ਦੂਰ ਭੱਜ ਰਿਹਾ ਹੈ ਅਤੇ ਉਦਯੋਗੀਕਰਨ ਦੇ ਇਸ ਯੁੱਗ ਵਿੱਚ ਪੱਤਰਕਾਰੀ ਨੇ ਵੀ ਸਮਾਜਿਕ ਸਰੋਕਾਰਾਂ ਨੂੰ ਸੰਭਾਲ ਲਿਆ ਹੈ ਭੁੱਲ ਕੇ ਇਸ ਨੇ ਉਦਯੋਗ ਦਾ ਰੂਪ ਲੈ ਲਿਆ ਹੈ। ਇੱਥੋਂ ਤੱਕ ਕਿ ਵਪਾਰਕ ਲਾਭ ਕਾਰਨ ਬਹੁਤ ਗੰਭੀਰ ਮੁੱਦੇ ਵੀ ਸਾਹਮਣੇ ਨਹੀਂ ਆਉਂਦੇ ਅਤੇ ਕਈ ਵਾਰ ਉਹ ਪੂਰੀ ਤਰ੍ਹਾਂ ਗਾਇਬ ਰਹਿੰਦੇ ਹਨ। ਮੀਡੀਆ ਨਿਰਪੱਖਤਾ ਸਿਹਤਮੰਦ ਲੋਕਤੰਤਰ ਲਈ ਬਹੁਤ ਖਤਰਨਾਕ ਹੈ। ਮੀਡੀਆ ਅਤੇ ਸਰਕਾਰ ਦੇ ਰਿਸ਼ਤੇ ਹਮੇਸ਼ਾ ਚੰਗੇ ਨਹੀਂ ਹੋ ਸਕਦੇ ਕਿਉਂਕਿ ਮੀਡੀਆ ਦਾ ਕੰਮ ਸਰਕਾਰ ਦੇ ਕੰਮ 'ਤੇ ਨਜ਼ਰ ਰੱਖਣਾ ਹੈ। ਪਰ ਇਹ ਸਰਕਾਰ ਨੂੰ ਲੋਕਾਂ ਦੀਆਂ ਸਮੱਸਿਆਵਾਂ, ਉਨ੍ਹਾਂ ਦੀਆਂ ਭਾਵਨਾਵਾਂ ਅਤੇ ਉਨ੍ਹਾਂ ਦੀਆਂ ਮੰਗਾਂ ਤੋਂ ਜਾਣੂ ਕਰਵਾਉਣ ਦਾ ਕੰਮ ਵੀ ਕਰਦੀ ਹੈ ਅਤੇ ਸਰਕਾਰ ਨੂੰ ਲੋਕ ਭਾਵਨਾਵਾਂ ਅਨੁਸਾਰ ਕੰਮ ਕਰਨ ਦਾ ਮੌਕਾ ਪ੍ਰਦਾਨ ਕਰਦੀ ਹੈ। ਅੱਜ ਦੇਸ਼ ਅੱਤਵਾਦ, ਨਕਸਲਵਾਦ ਵਰਗੀਆਂ ਗੰਭੀਰ ਸਮੱਸਿਆਵਾਂ ਨਾਲ ਜੂਝ ਰਿਹਾ ਹੈ। ਮੀਡੀਆ ਸਮਾਜ ਦੇ ਹਿੱਤਾਂ ਅਤੇ ਸਮਾਜਿਕ ਸਰੋਕਾਰਾਂ ਦੇ ਕੰਮ ਨੂੰ ਲੋਕਾਂ ਦੇ ਸਾਹਮਣੇ ਲਿਆਉਣ ਸਮੇਤ ਕਈ ਮੁੱਦਿਆਂ 'ਤੇ ਖਾਮੋਸ਼ ਸਟੈਂਡ ਲੈ ਰਿਹਾ ਹੈ, ਤਾਂ ਜੋ ਜਨਤਾ ਜਾਗਰੂਕ ਹੋਵੇ, ਸਮਾਜ ਅਤੇ ਨੌਜਵਾਨ ਪੀੜ੍ਹੀ ਨੂੰ ਦਿਸ਼ਾ ਮਿਲ ਸਕੇ। ਦੂਜੇ ਪਾਸੇ, ਸੋਸ਼ਲ ਮੀਡੀਆ ਦੇ ਪ੍ਰਤੀਕਰਮਾਂ ਤੋਂ ਇਹ ਦੇਖਿਆ ਜਾ ਰਿਹਾ ਹੈ ਕਿ ਇਹ ਮੁੱਖ ਧਾਰਾ ਮੀਡੀਆ ਦਾ ਕੰਮ ਕਰ ਰਿਹਾ ਹੈ. ਇਹ ਸਕਾਰਾਤਮਕ ਹੋਵੇ ਜਾਂ ਨਕਾਰਾਤਮਕ, ਸੋਸ਼ਲ ਮੀਡੀਆ 'ਤੇ ਤੁਰੰਤ ਪ੍ਰਤੀਕਰਮ ਹੁੰਦਾ ਹੈ. ਹੁਣ ਇਹ ਜ਼ਰੂਰੀ ਨਹੀਂ ਕਿ ਤੁਹਾਡੀਆਂ ਗੱਲਾਂ ਕਿਸੇ ਖ਼ਬਰ ਜਾਂ ਨਿਊਜ਼ ਚੈਨਲ ਰਾਹੀਂ ਲੋਕਾਂ ਤੱਕ ਪਹੁੰਚ ਜਾਣ। ਅੱਜ ਹਰਜੋ ਵਿਅਕਤੀ ਸਮਾਜਿਕ ਸਰੋਕਾਰਾਂ ਨੂੰ ਸਕਾਰਾਤਮਕਤਾ ਨਾਲ ਸੋਸ਼ਲ ਮੀਡੀਆ 'ਤੇ ਵਿਸ਼ੇ 'ਤੇ ਲਿਆ ਰਿਹਾ ਹੈ ਉਹ ਅਸਲ ਵਿੱਚ ਪੱਤਰਕਾਰੀ ਦੇ ਅਸਲ ਧਰਮ ਦੀ ਪਾਲਣਾ ਕਰ ਰਿਹਾ ਹੈ। ਇੱਕ ਅੰਦਾਜ਼ੇ ਮੁਤਾਬਕ ਭਾਰਤ ਦੀ 1.25 ਬਿਲੀਅਨ ਆਬਾਦੀ ਵਿੱਚੋਂ ਕਰੀਬ 70 ਕਰੋੜ ਲੋਕਾਂ ਕੋਲ ਫ਼ੋਨ ਹਨ। ਇਨ੍ਹਾਂ ਵਿੱਚੋਂ 250 ਮਿਲੀਅਨ ਲੋਕਾਂ ਦੀਆਂ ਜੇਬਾਂ ਵਿੱਚ ਸਮਾਰਟਫ਼ੋਨ ਹਨ। ਦੁਨੀਆ ਦੇ ਲਗਭਗ 50 ਫੀਸਦੀ ਲੋਕ ਸੋਸ਼ਲ ਮੀਡੀਆ 'ਤੇ ਆਪਣੀ ਮੌਜੂਦਗੀ ਦਰਜ ਕਰਵਾਉਂਦੇ ਹਨ। ਅਜੋਕੇ ਸਾਲਾਂ ਵਿੱਚ ਸੋਸ਼ਲ ਮੀਡੀਆ ਨੇ ਵੱਡੀਆਂ ਲਹਿਰਾਂ ਨੂੰ ਸਫ਼ਲ ਬਣਾਉਣ ਅਤੇ ਵਿਸ਼ੇ ਨੂੰ ਅੱਗ ਵਾਂਗ ਫੈਲਾਉਣ ਵਿੱਚ ਵੱਡੀ ਭੂਮਿਕਾ ਨਿਭਾਈ ਹੈ। ਜਦਕਿ ਇੱਕ ਪਾਸੇ ਇਹ ਵਿਗਿਆਨਇਸ ਵਰਦਾਨ ਦੇ ਜਿੱਥੇ ਨਕਾਰਾਤਮਕ ਉਪਯੋਗ ਹਨ, ਉੱਥੇ ਹੀ ਇਸ ਦੀ ਸਾਕਾਰਾਤਮਕ ਵਰਤੋਂ ਕਰਕੇ ਹਰ ਵਿਅਕਤੀ ਦੇਸ਼ ਦੇ ਵਿਕਾਸ, ਭ੍ਰਿਸ਼ਟਾਚਾਰ ਮੁਕਤ, ਸਿਹਤਮੰਦ ਅਤੇ ਸਵੱਛ ਅਤੇ ਨਵੇਂ ਭਾਰਤ ਦੇ ਵਿਕਾਸ ਵਿੱਚ ਭਾਗੀਦਾਰ ਬਣ ਕੇ ਆਪਣੇ ਦੇਸ਼ ਪ੍ਰਤੀ ਆਪਣਾ ਫਰਜ਼ ਨਿਭਾ ਸਕਦਾ ਹੈ। ਸੋਸ਼ਲ ਮੀਡੀਆ ਵਰਗਾ ਪ੍ਰਗਟਾਵੇ ਦਾ ਮਾਧਿਅਮ ਨਾ ਸਿਰਫ਼ ਮੁੱਖ ਮੀਡੀਆ ਨੂੰ ਸ਼ੀਸ਼ਾ ਦਿਖਾ ਰਿਹਾ ਹੈ, ਸਗੋਂ ਸਮਾਜ ਨੂੰ ਜਾਗਰੂਕ ਅਤੇ ਸਸ਼ਕਤ ਵੀ ਬਣਾ ਰਿਹਾ ਹੈ। ਪਰ ਮੇਨ ਸਟ ?ਰੀਮ ਮੀਡੀਆ ਨੂੰ ਅਸਲੀ ਰੂਪ ਵਿੱਚ ਆਉਣਾ ਪਵੇਗਾ। ਆਪਣੇ ਰਾਸ਼ਟਰੀ ਧਰਮ ਅਤੇ ਸਮਾਜਕ ਧਰਮ ਦੇ ਉਦੇਸ਼ਾਂ ਦੀ ਪਾਲਣਾ ਕਰਦੇ ਹੋਏ, ਉਸਨੂੰ ਦੁਬਾਰਾ ਸਾਫ਼ ਅਤੇ ਨਿਰਪੱਖ ਹੋਣਾ ਚਾਹੀਦਾ ਹੈ।ਅਕਸ ਦੇ ਨਾਲ-ਨਾਲ ਫਰਜ਼ ਵੀ ਨਿਭਾਉਣਾ ਪੈਂਦਾ ਹੈ, ਤਾਂ ਹੀ ਮੀਡੀਆ ਦੇ ਅਰਥ ਸਾਬਤ ਹੋਣਗੇ।

## ਭੋਲੇ-ਭਾਲੇ ਪੰਜਾਬੀਆਂ ਤੋਂ ਕਰੋੜਾਂ ਰੁਪਏ ਲੁੱਟਣ ਵਾਲੇ ਠੱਗ ਟਰੈਵਲ

**ਚੰਡੀਗੜ੍ਹ/ਵਿਨੋਦ ਸ਼ਰਮਾ**




ਲੋਕ ਭਲਾਈ ਪਾਰਟੀ ਦੇ ਪ੍ਰਧਾਨ ਬਲਵੰਤ ਸਿੰਘ ਰਾਮੂਵਾਲੀਆ ਨੇ ਕਿਹਾ ਹੈ ਕਿ ਪੰਜਾਬ ਦੇ ਸਾਰੇ ਠੱਗ ਟਰੈਵਲ ਏਜੰਟ ਕੈਨੇਡੀਅਨ ਸਰਕਾਰ ਵੱਲੋਂ ਕੀਤੀਆਂ ਗਈਆਂ ਲੱਖਾਂ ਭਰਤੀਆਂ ਦੀ ਆੜ ਵਿੱਚ ਭੋਲੇ-ਭਾਲੇ ਪੰਜਾਬੀਆਂ ਤੋਂ ਕਰੋੜਾਂ ਰੁਪਏ ਦੀ ਲੁੱਟ ਕਰ ਰਹੇ ਹਨ।ਡੀ.ਡੀ.ਏ ਦਾ ਵਿਸ਼ੇਸ਼ ਇਜਲਾਸ ਬੁਲਾ ਕੇ ਪੰਜਾਬ ਵਿੱਚੋਂ ਲਗਾਤਾਰ ਹੋ ਰਹੇ ਪਰਵਾਸ ਨੂੰ ਰੋਕਣਾ ਚਾਹੀਦਾ ਹੈ ਅਤੇ ਲੋਕਾਂ ਨਾਲ ਠੱਗੀ ਮਾਰਨ ਵਾਲੇ ਟਰੈਵਲ ਏਜੰਟਾਂ ਖਿਲਾਫ ਕਾਰਵਾਈ ਕੀਤੀ ਜਾਵੇ। ਰਾਮੂਵਾਲੀਆ ਨੇ ਕਿਹਾ ਕਿ ਜਲੰਧਰ ਪ੍ਰਸ਼ਾਸਨ ਨੇ ਹਾਲ ਹੀ ਵਿਚ 495 ਟਰੈਵਲ ਏਜੰਟਾਂ ਅਤੇ ਇਮੀਗ੍ਰੇਸ਼ਨ ਕਰਮਚਾਰੀਆਂ ਦੇ ਲਾਈਸੈਂਸ ਰੱਦ ਕਰਕੇ ਉਨਾਂ ਦੇ ਖਿਲਾਫ ਕਾਰਵਾਈ ਕੀਤੀ ਹੈ। ਇਸੇ ਤਰਾਂ ਪੂਰੇ ਪੰਜਾਬ ਵਿਚ ਮੁਹਿੰਮ ਚਲਾਈ ਜਾਣੀ ਚਾਹੀਦੀ ਹੈ।ਉਨਾਂ ਕਿਹਾ ਕਿ ਧਾਰਮਿਕ ਸਥਾਨਾਂ ਅਤੇ ਪੰਚਾਇਤਾਂ ਨੂੰ ਇਸ ਮਾਮਲੇ ਬਾਰੇ ਜਾਗਰੂਕਤਾ ਫੈਲਾਉਣੀ ਚਾਹੀਦੀ ਹੈ।

## ਸੁਖਬੀਰ ਬਾਦਲ ਅਤੇ ਗੁਰਪ੍ਰਤਾਪ ਵਡਾਲਾ ਨੇ ਸੰਤੋਖ ਸਿੰਘ ਚੌਧਰੀ ਦੇ ਪਰਿਵਾਰ ਨਾਲ ਦੁੱਖ ਕੀਤਾ ਸਾਂਝਾ

**ਜਲੰਧਰ/ ਰਾਕੇਸ਼ ਵਰਮਾ**

ਲੋਕ ਸਭਾ ਮੈਂਬਰ ਸੰਤੋਖ ਸਿੰਘ ਚੌਧਰੀ ਦੇ ਦਿਹਾਂਤ 'ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਜਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ ਨੇ ਅੱਜ ਜਲੰਧਰ ਪਹੁੰਚ ਕੇ ਸੰਤੋਖ ਸਿੰਘ ਚੌਧਰੀ ਦੇ ਪਰਿਵਾਰ ਨਾਲ ਦੁਖ ਸਾਂਝਾ ਕੀਤਾ।

ਅਦਾਰਾ ਲੋਕ ਬਾਣੀ ਵਿੱਚ ਛਾਪੀਆਂ ਜਾਂਦੀਆਂ ਖ਼ਬਰਾਂ, ਰਿਪੋਰਟਾਂ, ਲੇਖ, ਕਹਾਣੀਆਂ, ਕਵਿਤਾਵਾਂ ਅਤੇ ਹਰ ਕਿਸਮ ਦੇ ਇਸ਼ਤਿਹਾਰਾਂ ਵਿੱਚ ਦਿੱਤੀ ਗਈ ਸੂਚਨਾ, ਵਿਚਾਰ ਆਦਿ ਨਾਲ ਅਖ਼ਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਸ ਅਖ਼ਬਾਰ ਵਿੱਚ ਛਪੇ ਇਸ਼ਤਿਹਾਰ (ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜਿੰਮੇਵਾਰੀ ਨਹੀਂ ਲੈਂਦੇ ਕਿਉਂਕਿ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ/ਸ਼ੁੱਭ ਚਿੰਤਕਾਂ ਨੂੰ ਬੇਨਤੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਇਨ੍ਹਾਂ ਤੱਥਾਂ ਦੀ ਪੜਤਾਲ, ਪੁਸ਼ਟੀ ਕਰ ਲੈਣ। ਰੋਜਾਨਾ ਲੋਕ ਬਾਣੀ 'ਚ ਪ੍ਰਕਾਸ਼ਿਤ ਸਮੱਗਰੀ ਅਤੇ ਹੋਰ ਵਾਦ-ਵਿਵਾਦ ਸਬੰਧੀ ਕੇਸਾ ਦਾ ਨਿਪਟਾਰਾ ਸਿਰਫ਼ ਜਲੰਧਰ ਕੋਰਟ ਵਿਚ ਹੀ ਹੋਵੇਗਾ, ਲੇਖਕਾਂ ਦੀ ਰਾਏ ਨਾਲ ਸੰਪਾਦਕ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ ਖਬਰਾਂ ਪ੍ਰਤੀ ਜੁਮੇਵਾਰੀ ਸਬੰਧਤ ਪੱਤਰਕਾਰ ਦੀ ਹੋਵੇਗੀ।

Daily Lok Bani (Punjabi) R.N.I. Punpun 29016,2008 Edior, Owner, Printer, Publisher, Amandeep Mehra Printed at Rachna Printers, Railway Road Jalandhar Place of Publication : 308 Sangam complex Milap Chowk, Jalandhar (India) , Contect No. : 0181-2211009, Fax : 2211009 , Email Id : lokbani08@gmail.com ,



**ਅਮਨਦੀਪ ਮਹਿਰਾ**
ਮੁੱਖ ਸੰਪਾਦਕ ਰੋਜ਼ਾਨਾ ਲੋਕ ਬਾਣੀ ਜਲੰਧਰ



**ਅੰਮ੍ਰਿਤਪਾਲ ਸਿੰਘ**
ਐਡਵੋਕੇਟ, ਸਬ-ਅਡੀਟਰ ਰੋਜ਼ਾਨਾ ਲੋਕ ਬਾਣੀ



**ਕੁਲਵੰਤ ਰਾਏ**
ਮੈਨੇਜਿੰਗ ਡਾਇਰੈਕਟਰ ਰੋਜ਼ਾਨਾ ਲੋਕ ਬਾਣੀ



**ਵਿਨੈਪਾਲ ਸਿੰਘ**
ਉਪ ਸੰਪਾਦਕ, ਰੋਜ਼ਾਨਾ ਲੋਕ ਬਾਣੀ



**ਹਰਬੰਸ ਸਿੰਘ ਬਿੱਟੂ**
ਪੱਤਰਕਾਰ ਜਲੰਧਰ, ਰੋਜ਼ਾਨ ਲੋਕ ਬਾਣੀ



**ਭੁਪਿੰਦਰ ਸਿੰਘ**
ਸਲਾਹਕਾਰ ਰੋਜਾਨਾ ਲੋਕ ਬਾਣੀ



**ਵਰਿੰਦਰ ਕੁਮਾਰ**
ਵੀਡੀਓ ਵਿਭਾਗ ਇੰਚਾਰਜ ਰੋਜ਼ਾਨਾ ਲੋਕ ਬਾਣੀ



**ਸੁਖਚੈਨ ਮਹਿਰਾ**
ਮਾਲਵਾ ਬਿਓਰੋ ਰੋਜ਼ਾਨਾ ਲੋਕ ਬਾਣੀ



**ਡਾ. ਰਮੇਸ਼ ਕੁਮਾਰ**
ਸਲਾਹਕਾਰ ਰੋਜ਼ਾਨਾ ਲੋਕ ਬਾਣੀ



**ਨਵਨੀਤ ਕੁਮਾਰ**
ਇੰਚਾਰਜ਼ ਪੰਜਾਬ ਰੋਜ਼ਾਨਾ ਲੋਕ ਬਾਣੀ



**ਰਜਿੰਦਰ ਕੁਮਾਰ**
ਸੀਨੀਅਰ ਚੀਫ ਫੋਟੋਗ੍ਰਾਫਰ ਜਲੰਧਰ

SHAHEED BABA NIHAL SINGH CHARITABLE HOSPITAL
Near Gurudwara Talhan, VPO-Talhan, Distt. Jalandhar, Ph. 0181-2770808
FACILITIES AVAILABLE
Ambulance Service 24hrs.
I.C.C.U. (Intensive Cardiac Care Unit), Indoor Facies Ultrasound Scan, Gyane & Obstetrical Operations, Surgierles, Neonatal ICU (Incubator Phototherapy) Well Equipped Laboratory, Nebulizer for Asthma Patients, Ortho & Spine Surgeon, Special Clinic for Skin & V.D., SIDS & HIV Patients, ECG, Dental Facilites, Eye Operations
Free Medicine for 9am to 5pm

जय भवानी जय मस्तां दी जय शिव शंकर
संकट मोचन दरबार
जो आवे सो राजी जावे
Mob.: 98151-01551
39-A, SHANKER GARDEN, NEAR INCOME TAX COLONY, JALANDHAR
E-mail: luckchanger@consultant.com
राजीव शर्मा

DIPS IMT
DIPS INSTITUTE OF MANAGEMENT & TECHNOLOGY
RAMNEEK AVENUE, PATHANKOT BYE PASS JALANDHAR CITY
www.dipsimt@gmail.com (dipsimt@gmail.com)
CONTACT : 95010-00697, 97806-00998